੧ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥

ਇਨਸਾਨੀ ਦਿਲ-ਪੀੜਾਂ ਨੂੰ ਹਰਨ ਤੇ ਸ਼ੋਕ ਅਗਨ ਵਿਚੋਂ ਕੱਢ ਸ਼ਾਂਤ ਠੰਢ ਵਰਤਾਉਣ ਵਾਲੀਆਂ ਮਾਈ ਸਭਰਾਈ ਜੀ ਦੀਆਂ

# ਸੱਤ ਔਖੀਆਂ ਰਾਤਾਂ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110001

 www.sikhbookclub.com

## ਛਪਾਈ ਦਾ ਵੇਰਵਾ

ਪਹਿਲੀ ਵਾਰ 1919 ਤੋਂ ਪਹਿਲੇ ਖਾਲਸਾ ਸਮਾਚਾਰ ਦੇ ਮੁਖ ਲੇਖਾਂ ਦੇ ਰੂਪ ਵਿਚ।

| | | | |
|---|---|---|---|
| ਦੂਜੀ | ਵਾਰ | ਸਤੰਬਰ, | 1946 |
| ਤੀਜੀ | ਵਾਰ | -- --, | -- -- |
| ਚਉਥੀ | ਵਾਰ | -- --, | -- -- |
| ਪੰਜਵੀਂ | ਵਾਰ | -- --, | -- -- |
| ਛੇਵੀਂ | ਵਾਰ | ਦਸੰਬਰ, | 1990 |
| ਸਤਵੀਂ | ਵਾਰ | -- --, | 1996 |
| ਅੱਠਵੀਂ | ਵਾਰ | ਦਸੰਬਰ, | 2003 |
| ਨੌਵੀਂ | ਵਾਰ | ਨਵੰਬਰ, | 2006 |
| ਦਸਵੀਂ | ਵਾਰ | ਜਨਵਰੀ, | 2009 |
| ਗਿਆਰਵੀਂ | ਵਾਰ | ਮਾਰਚ, | 2012 |

Sat Aukhian Ratan

*Bhai Vir Singh*

ISBN # 978-93-80854-05-2

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

11ਵੀਂ ਵਾਰ, ਮਾਰਚ 2012

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

***Printer :***
**Bedi Art Prints**
**RZ-1/5, Tughlakabad Extension**
**Kalkaji, New Delhi - 110019**

ਮੁੱਲ : 35/- ਰੁਪਏ

 www.sikhbookclub.com

# ਸੱਤ ਔਖੀਆਂ ਰਾਤਾਂ

## ਬਿਨੈ

**ਮੁੱਦਤ** ਹੋਈ ਤਾਂ ਇਹ ਲੇਖ 'ਸੱਤ ਔਖੀਆਂ ਰਾਤਾਂ' ਖਾਲਸਾ ਸਮਾਚਾਰ ਵਿਚ ਛਪਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਉੱਚ ਆਤਮਾ ਸੁਪਤਨੀ, ਸ੍ਰੀ ਮਾਤਾ ਜੀਤੋ ਜੀ ਦੀ ਮਾਤਾ 'ਸਭਰਾਈ' ਦਾ ਇਸ ਵਿਚ ਜ਼ਿਕਰ ਹੈ; ਜਿਸ ਪਰਮਾਰਥ ਦੀ ਪਿਆਰੀ ਨੇ ਛੇ ਵਿਯੋਗ ਆਪਣੇ ਤੋਂ ਪਹਿਲੇ ਦੇਖੇ ਤੇ ਸਤਵਾਂ ਆਪਣਾ ਪਿਆਨਾ ਦੇਖਿਆ, ਗੁਰਮੁਖਤਾਈ ਵਿਚ ਝੱਲਿਆ ਤੇ ਉਚੇ ਪਦ ਤੇ ਉਚੀ ਹੋਈ।

ਜਗਤ ਵਿਚ ਪੂਰਨ ਸੁਖੀ ਕੋਈ ਨਹੀਂ ਤੇ ਐਸਾ ਕੋਈ ਨਹੀਂ ਕਿ ਜਿਸਨੂੰ ਆਪਣੇ ਕਿਸੇ ਨਾ ਕਿਸੇ ਮਿਤ੍ਰ, ਪਿਆਰੇ, ਸਾਕ ਸਨਬੰਧੀ ਦਾ ਵਿਛੋੜਾ ਨਾ ਦੇਖਣਾ ਝੱਲਣਾ ਪਏ। ਹਰੇਕ ਵਿਯੋਗ ਵਿਚ ਹਰ ਕੋਈ ਦੁਖੀ ਹੁੰਦਾ ਹੈ ਤੇ ਉਸ ਵੇਲੇ ਕੱਖੀਂ ਪਲਾਹੀਂ ਹੱਥ ਪਾਉਂਦਾ ਹੈ ਕਿ ਕਿਵੇਂ ਉਹ ਸ਼ੋਕ ਸਾਗਰ ਵਿਚੋਂ ਤਰ ਨਿਕਲੇ। ਪਰ ਮਿਤ੍ਰ ਪਿਆਰੇ ਮੁਕਾਣੇ ਆਏ ਸਭ ਸ਼ੋਕ ਨੂੰ ਵਧਾਉਂਦੇ ਹਨ ਤੇ ਦੁਖ ਘਟਾਉਣ ਦੀ ਕਿਸੇ ਸੁਹਣੇ ਤ੍ਰੀਕੇ ਨਾਲ ਦਿਲਜੋਈ ਨਹੀਂ ਕਰਦੇ। ਜੇ ਕੋਈ ਖਰੜ ਗਿਆਨੀ ਆ ਜਾਂਦਾ ਹੈ ਤਾਂ ਪਿਆਰ, ਮੁਹੱਬਤ ਤੇ ਦਿਲੀ ਵਲਵਲੇ ਨੂੰ ਉਡਾਕੇ ਖੁਸ਼ਕ ਗਿਆਨ ਦੀਆਂ ਸੁਣਾਉਂਦਾ ਹੈ, ਉਸ ਨਾਲ ਜ਼ਖਮੀ ਦਿਲ ਮਉਲਦਾ ਨਹੀਂ, ਸਗੋਂ ਗਮਰੁੱਠ ਜਿਹਾ ਪਥਰਾਈ ਸ਼ਕਲ ਦਾ ਬਣਦਾ ਹੈ। ਗੁਰੂ ਮਹਾਰਾਜ ਨੇ ਇਹ ਤ੍ਰੀਕਾ ਪਸੰਦ ਨਹੀਂ ਕੀਤਾ। ਕਿਵੇਂ ਗੁਰੂ ਮਹਾਰਾਜ ਦੇ ਉਪਦੇਸ਼ਾਂ ਮੁਤਾਬਕ ਉਹ ਦੁਖ ਦਾ ਸਮਾਂ ਬੀਤੇ ਤੇ ਵਿਯੋਗੀਆਂ ਦੇ ਹਿਰਦੇ ਵਿਯੋਗ ਅਗਨੀ ਨਾਲ ਦਗਧ ਹੋਣੋਂ ਬਚ ਜਾਣ ਤੇ ਖਰੜ ਗਿਆਨ ਨਾਲ ਪਥਰਾਏ ਜਾਣ ਤੋਂ ਬੀ ਬਚਣ, ਸਗੋਂ ਸੁਮਾਰਗ ਪੈਕੇ ਲੋਕ ਪਰਲੋਕ ਸੁਹੇਲੇ ਹੋਣ ਦੇ ਰਾਹੇ ਪੈ ਜਾਣ; ਇਹ ਗੁਰਮਤਿ ਸਾਰੀ ਇਸ ਛੋਟੇ ਜੇਹੇ ਲੇਖ ਵਿਚ ਸ੍ਰੀ ਮਾਤਾ ਸਭਰਾਈ ਜੀ ਦੇ ਵਿਯੋਗ ਗ੍ਰਸਤ ਹਿਰਦੇ ਦੇ ਭਾਵਾਂ ਵਿਚ ਦਰਸਾਈ ਹੈ। ਕਿਵੇਂ ਉਨ੍ਹਾਂ ਨੇ ਠੁਹਕਰ ਖਾਣੀ, ਪਿਆਰ ਵਿਚ ਦ੍ਰਵਕੇ ਉਦਾਸ ਹੋਣਾ, ਦਿਲਗੀਰੀ ਪੈਣੀ ਤੇ ਕਿਵੇਂ ਫਿਰ ਸਤਿਸੰਗ ਦੇ ਪ੍ਰਤਾਪ ਤੇ ਗੁਰਬਾਣੀ ਦੇ ਆਧਾਰ ਨਾਲ ਆਪਣੇ ਮਨ ਦਾ ਦਾਰੂ ਕਰਨਾ, ਉਚੇ ਖਿਆਲਾਂ ਤੇ ਪ੍ਰੇਮ ਦੇ ਭਾਵਾਂ

ਨਾਲ ਸ਼ੁਕਰ ਤੇ ਸਿਦਕ ਦੇ ਉਪਦੇਸ਼ਾਂ ਨਾਲ ਉਚੇ ਉਠ ਜਾਣਾ। ਸ਼ੋਕ ਦੀ ਥਾਂ ਪਥਰਾਏ ਨਾ ਜਾਣਾ, ਸਗੋਂ ਉਚੇ ਵਲਵਲਿਆਂ ਵਿਚ ਉਠਕੇ ਸ਼ੋਕ ਦੇ ਸੇਕ ਨਾਲ ਪੰਘਰੇ ਦਿਲ ਵਿਚ 'ਵਾਹਿਗੁਰੂ ਨਾਮ' ਤੇ 'ਵਾਹਿਗੁਰੂ ਪ੍ਰੇਮ' ਦਾ ਅਕਸ ਤੇ ਨਕਸ਼ ਲੈ ਲੈਣਾ ਤੇ ਨਾਮੀ ਬਣ ਜਾਣਾ ਵਰਣਿਤ ਹੈ।

ਇਸ ਖਿਆਲ ਤੇ ਕਿ ਹਰ ਘਰ ਵਿਚ ਕਦੇ ਨਾ ਕਦੇ ਇਸ ਉਪਦੇਸ਼ ਦੀ, ਇਸ ਗੁਰਮਤ ਸਹਾਰੇ ਦੀ ਲੋੜ ਪੈ ਜਾਂਦੀ ਹੈ, ਇਹ ਲੇਖ 'ਸੁਭਾਗ ਜੀ ਦਾ ਸੁਧਾਰ ਹਥੀਂ ਬਾਬਾ ਨੌਧ ਸਿੰਘ' ਵਿਚ ਬੀ ਛਾਪ ਦਿਤਾ ਗਿਆ ਸੀ।

ਇਸ ਲੇਖ ਨੂੰ ਅਨੇਕਾਂ ਸਜਣਾਂ ਨੇ ਸ਼ੋਕ ਨਵਿਰਤੀ ਤੇ ਗੁਰੂ ਪ੍ਰੇਮ ਵਿਚ ਪ੍ਰਵੇਸ਼ ਕਰਾਉਣ ਤੇ ਠੰਢਾਂ ਵਰਤਾਉਣ ਵਾਲਾ ਅੰਮ੍ਰਿਤ ਪ੍ਰਤੀਤ ਕੀਤਾ ਹੈ; ਇਸ ਤਰ੍ਹਾਂ ਇਨਸਾਨੀ ਦਿਲ-ਪੀੜਾ ਨੂੰ ਹਰਨ ਲਈ ਇਹ ਨਿੱਕਾ ਜਿਹਾ ਲੇਖ ਕੰਮ ਆ ਰਿਹਾ ਹੈ, ਇਸ ਲਈ ਇਹ ਮੁੜਕੇ ਅਲੱਗ ਛਾਪਿਆ ਗਿਆ ਹੈ ਜੋ ਲੋੜ ਵੇਲੇ ਦਿਲਾਂ ਨੂੰ ਕੁਝ ਸਹਾਰਾ ਦੇ ਸਕੇ।

ਸਤੰਬਰ ੧੯੪੬

*ਕਰਤਾ*

ਨੋਟ - ਰਿਸ਼ਤੇ ਵਿਚ ਸਤਿਕਾਰਯੋਗ ਮਾਤਾ ਸਭਰਾਈ ਜੀ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਸ ਜੀ ਲਗਦੇ ਹਨ।


www.sikhbookclub.com

# ਮਾਈ ਸਭਰਾਈ ਜੀ ਦੀਆਂ
# ਸੱਤ ਔਖੀਆਂ ਰਾਤਾਂ

## ਪਹਿਲੀ ਰਾਤ

**ਲਾਹੌਰ** ਦੇ ਧਨਾਢ ਸੁਭਿਖੀਆ ਖੱਤ੍ਰੀ ਹਰਜਸ ਜੀ ਤੇ ਉਨ੍ਹਾਂ ਦੀ ਸੁਪਤਨੀ ਮਾਈ ਸਭਰਾਈ, ਪਰਮਾਰਥ ਦੇ ਖੋਜੀ, ਜਦ ਸ੍ਰੀ ਦਸਮੇਸ਼ ਜੀ ਦੇ ਦੈਵੀ ਦਰਸ਼ਨ ਨਾਲ 'ਅੱਖੀਂ ਸੁਖ ਕਲੇਜੇ ਠੰਢ' ਵਰਤਾ ਚੁਕੇ ਤਦ ਪਹਿਲੀ ਸੋਚ ਜੋ ਫੁਰੀ ਸੋ ਇਹ ਸੀ ਕਿ ਇਸ ਵਾਹਿਗੁਰੂ ਦੀ ਜੋਤ ਨਾਲ ਦਮਕਦੇ ਪਿਆਰੇ ਨਾਲ ਸਾਡਾ ਕੋਈ ਸਾਕਾਦਾਰੀ ਦਾ ਸੰਬੰਧ ਹੋ ਜਾਏ। ਪ੍ਰੇਮੀਆਂ ਦੇ ਪਿਆਰ ਕੁਝ ਅੱਡੋ ਅੱਡਰੇ ਢੰਗਾਂ ਦੇ ਹੁੰਦੇ ਹਨ। ਇਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਨੇ ਜਦ ਇਹ ਲਹਿਰ ਪੈਦਾ ਕੀਤੀ ਤਾਂ ਬੀਬੀ ਦੇ ਸਾਕ ਕਰਨੇ ਦਾ ਖਿਆਲ ਫੁਰ ਪਿਆ। ਫੁਰਨਾ ਹੁੰਦੇ ਸਾਰ ਮਨ ਦੇ ਮੰਡਲ ਵਿਚ ਇਹ ਸਾਕ ਕਰ ਬੀ ਲਿਆ। ਓਧਰ ਮਾਨਸਕ ਮੰਡਲਾਂ ਦੇ ਜਾਣੂ ਗੁਰੂ ਜੀ ਬੀ ਜਾਣ ਗਏ ਅਰ ਪ੍ਰੇਮ ਦੀ ਸਫ਼ਾਈ ਤੇ ਸੰਕਲਪ ਦੀ ਸਵੱਛਤਾ ਨੂੰ ਪਛਾਣਕੇ ਆਪ ਨੇ ਬਿਨੈ ਹੋਣੇ ਪਰ ਇਹ ਨਾਤਾ ਪ੍ਰਵਾਨ ਵੀ ਕਰ ਲਿਆ।

ਪ੍ਰੇਮੀ ਤਾਂ ਪ੍ਰੇਮ ਦੇ ਬੱਧੇ ਕਹਿਣੋਂ ਝਕਦੇ ਸਨ ਕਿ ਮਤਾਂ ਪਿਆਰੇ ਨੂੰ ਇਹ ਬੇਅਦਬੀ ਨਾ ਸੁਖਾਵੇ, ਪਰ ਹੌਸਲਾ ਕਰਕੇ ਬੇਨਤੀ ਕਰ ਹੀ ਦਿੱਤੀ ਤੇ ਪਰਵਾਨ ਬੀ ਹੋ ਗਈ। ਜਦ ਵਿਆਹ ਦਾ ਵੇਲਾ ਆਇਆ ਤਾਂ ਜੰਞ ਲੈਕੇ ਲਾਹੌਰ ਜਾਣ ਤੋਂ ਗੁਰੂ ਜੀ ਨੇ ਸੰਕੋਚ ਕੀਤਾ। ਪ੍ਰੇਮੀਆਂ ਨੇ ਰਜ਼ਾ ਦੇ ਅੱਗੇ ਸੀਸ ਝੁਕਾ ਦਿਤਾ। ਸੀਸ ਝੁਕਦੇ ਹੀ ਕ੍ਰਿਪਾ ਦੇ ਭੰਡਾਰ ਸ੍ਰੀ ਗੁਰੂ ਜੀ ਆਖਣ ਲੱਗੇ ਕਿ ਤੁਹਾਡੀ ਖ਼ਾਤਰ ਇਹ ਪਹਾੜੀ ਧਰਤੀ ਵਿਚ ਇਕ ਲਾਹੌਰ ਬਣੇਗਾ ਅਰ ਉਸ ਲਾਹੌਰ ਵਿਚ ਅਸੀਂ ਆਵਾਂਗੇ। ਸੋ ਠੀਕ ਉਸੇ ਤਰ੍ਹਾਂ ਹੋਇਆ।

ਉਸ ਪਰਬਤ ਧਾਰਾ ਦੇ ਵਿਚ ਗੁਰੂ ਕਾ ਲਾਹੌਰ ਬਣਾਇਆ ਗਿਆ। ਉੱਥੇ ਹੀ ਪ੍ਰੇਮੀਆਂ ਦੀ ਭਾਵਨਾ ਅਨੁਸਾਰ ਵਿਵਾਹ ਹੋਇਆ। ਆਦਿ ਗੁਰੂ

ਜੀ ਨੇ ਰੱਬ ਤੋਂ ਭੁਲਾਉਣ ਵਾਲੀ ਲੋਕਰੀਤੀ ਤਿਆਗੀ ਸੀ*। ਦੂਜੇ ਸਤਿਗੁਰੂ ਜੀ ਨੇ ਲੋਕ ਅਰ ਪ੍ਰਚਲਿਤ ਰੀਤੀ ਛੱਡਕੇ ਕੇਵਲ ਵਾਹਿਗੁਰੂ ਦੀ ਓਟ ਲੈਕੇ ਸੰਸਕਾਰ ਕਰਨ ਦੀ ਆਗਯਾ ਕੀਤੀ ਸੀ।** ਤੀਸਰੇ ਸਤਿਗੁਰਾਂ ਨੇ ਲੰਗਰ ਦੀ ਅਟਕ ਤੋੜੀ ਤੇ ਵਿਆਹ ਲਈ ਤਾਂ ਅਨੰਦ ਉਚਾਰਕੇ ਵਿਵਾਹ ਦੀ ਰੀਤੀ ਵਾਹਿਗੁਰੂ ਓਟ ਤੇ ਆਸਰੇ ਵਾਲੀ ਬੰਨ੍ਹ ਦਿੱਤੀ ਸੀ। ਪਰ ਚੌਥੇ ਸਾਹਿਬਾਂ ਨੇ ਲਾਵਾਂ ਉਚਾਰਕੇ ਵਿਵਾਹ ਦੀ ਗੁਰਮਤ ਰੀਤੀ ਹੋਰ ਜ਼ੋਰ ਨਾਲ ਟੋਰ ਦਿੱਤੀ ਸੀ ਤੇ ਆਪਣੀ ਆਗਯਾ ਨਾਲ ਆਪਣੇ ਪਿਆਰਿਆਂ ਦੇ ਇਸ ਰੀਤੀ ਅਨੁਸਾਰ ਵਿਵਾਹ ਕਰਾਏ ਸੇ। ਅਕਬਰ ਤਕ ਸ਼ਿਕਾਇਤਾਂ ਹੋ ਚੁਕੀਆਂ ਸਨ ਕਿ ਇਕ ਨਵਾਂ ਮਤ ਨਵੇਂ ਤ੍ਰੀਕੇ ਦਾ ਤੁਰਿਆ ਹੈ, ਇਸ ਨੂੰ ਰੋਕਣਾ ਚਾਹੀਏ। ਪਰ ਅਕਬਰ ਇਨ੍ਹਾਂ ਦੀ ਚੜ੍ਹਦੀ ਕਲਾ ਤੇ ਰੱਬੀ ਜੀਉਂਦੇ ਪਿਆਰ ਤੋਂ ਜਾਣੂੰ ਹੋਕੇ ਸਗੋਂ ਆਪ ਸਚਾਈ ਤੇ ਸਫ਼ਾਈ ਨਾਲ ਸ਼ਰਧਾਵਾਨ ਹੋ ਚੁਕਾ ਸੀ। ਇਸ ਅਟਕ ਵਿਚੋਂ ਨਿਕਲਕੇ ਕ੍ਰਿਤਮ ਓਟਾਂ ਦੀਆਂ ਰੀਤਾਂ ਰਸਮਾਂ ਦੇ ਹਥੋਂ ਇਸ ਦੈਵੀ ਧਰਮ ਦਾ ਛੁਟਕਾਰਾ ਹੋ ਗਿਆ। ਉਹ ਪਰਮੇਸ਼ੁਰ ਦੇ ਆਸਰੇ ਵਾਲਾ ਸੰਸਕਾਰਾਂ ਦਾ ਤ੍ਰੀਕਾ, ਜਿਸਦੇ ਲਈ ਦਿਖਾਵੇ ਦੇ ਕਰਤਬਾਂ ਅਰ ਅਣਜਾਣ ਪੁਣੇ ਦੀਆਂ ਰਸਮਾਂ ਦੀ ਲੋੜ ਨਹੀਂ ਸੀ, ਜੋ ਮੁਕੰਮਲ ਸੁਸਿੱਖਯਤ ਅਰ ਵਿਦਯਾ ਤੇ ਪਰਮਾਰਥ ਦੇ ਚਾਨਣੇ ਨਾਲ ਉੱਜਲ ਸੀ, ਆਪਣੀ ਪਿਆਰੀ ਅਛੇੜ ਦੈਵੀ ਚਾਲ ਨਾਲ ਟੁਰ ਰਿਹਾ ਸੀ। ਦਸਵੇਂ ਸਤਿਗੁਰਾਂ ਦਾ ਆਨੰਦ ਵਿਵਾਹ ਬੀ ਹੋ ਗਿਆ ਤੇ ਗੁਰਮਤ ਦੇ ਅਸੂਲਾਂ ਮੂਜਬ ਇਹੋ ਜਾਣ ਪੈਂਦਾ ਹੈ ਕਿ ਉਸੇ ਤਰ੍ਹਾਂ ਆਨੰਦ ਕਾਰਜ ਹੋਇਆ।

ਸਮਾਂ, ਜੋ ਸਦਾ ਜਾਰੀ ਰਹਿੰਦਾ ਹੈ, ਲੰਘਦਾ ਗਿਆ। ਅਨੇਕਾਂ ਖਖੇੜੇ ਬਖੇੜੇ ਸੰਸਾਰ ਉੱਤੇ ਸਮੇਂ ਦੇ ਪਰਵਾਹ ਵਿਚ ਨਦੀ ਧਾਰਾ ਦੇ ਕੱਖਾਂ ਵਾਂਗ ਆਏ ਤੇ ਲੰਘ ਗਏ। ਸਭਰਾਈ ਆਪਣੇ ਲਾਹੌਰ ਦੇ ਘਰ ਵਿਚ ਅਡੋਲ ਦਿਨ ਕੱਟਦੀ ਰਹੀ। ਉਸਦੇ ਜੀਵਨ ਵਿਚ ਸੰਸਾਰ ਦੇ ਕਿਸੇ ਹੇਰ ਫੇਰ ਨੇ ਛਾਪਾ ਮਾਰੀ ਨਹੀਂ ਕੀਤੀ ਸੀ। ਪਰ ਅਨੰਦ ਪੁਰ ਦੇ ਬਾਈ ਧਾਰ ਪਹਾੜੀ ਰਾਜਿਆਂ ਨਾਲ ਗੁਰੂ ਸਾਹਿਬਾਂ ਦੇ ਜੰਗ ਜਦਲ ਦੀਆਂ ਸੋਆਂ ਕਦੇ ਕਦੇ ਪਹੁੰਚਕੇ ਵਹੁਟੀ

---

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ।। (ਵਾਰ ਵਡ: ਮ: ੧)

**ਗੁਰੂ ਅੰਗਦ ਦੇਵ ਜੀ ਦਾ ਉਚਾਰ:-

ਜਗ ਅਰ ਕੁਲ ਕੇ ਜਿਤਿਕ ਆਚਾਰੇ।। ਹਮਰੈ ਹੇਤ ਨਹੀਂ ਕੁਛ ਕਰਨਾ।
ਕੀਰਤਿ ਪਠਿ ਸੁਨਿ ਨਾਮ ਸਿਮਰਨਾ।।੧੨।। (ਸੂ:ਪ੍ਰ: ਰਾਸ-੧, ਅੰਸੂ-੨੮)

ਗੱਭਰੂ ਦੋਹਾਂ ਦੇ ਚਿੱਤ ਨੂੰ ਚਿੰਤਾਂ ਦੀ ਡੋਲਨੀ ਬੇੜੀ ਤੇ ਚਾੜ੍ਹ ਜਾਂਦੀਆਂ ਸਨ। ਪਰ ਮਗਰੋਂ ਜਿੱਤ ਤੇ ਫਤਹ ਦੀਆਂ ਸੋਆਂ ਆਕੇ ਅਕਸਰ ਚਿੰਤਾ ਤੋਂ ਪਾਰ ਕਰਕੇ ਅਨੰਦ ਦੇ ਕਿਨਾਰੇ ਲਗਾ ਦੇਂਦੀਆਂ ਸਨ। ਸਭਰਾਈ ਦਾ ਇਹ ਅਡੋਲ ਜੀਵਨ ਇਕ ਭਾਰੇ ਤੂਫਾਨ ਦਾ ਸਾਹਮਣਾ ਕਰਨ ਵਾਲਾ ਸੀ, ਜੋ ਸਮੇਂ ਨੇ ਆਪਣੇ ਪਰਦੇ ਵਿਚ ਅਜੇ ਲੁਕਾਇਆ ਹੋਯਾ ਸੀ ਅਰ ਜਿਸਦੇ ਕਦੇ ਪ੍ਰਗਟ ਹੋ ਪੈਣ ਦਾ ਸਭਰਾਈ ਨੂੰ ਖਿਆਲ ਤੀਕ ਬੀ ਨਹੀਂ ਸੀ। ਉਸ ਦੇ ਦਿਲ ਦੀ ਖਿੱਚ ਸਪੁੱਤ੍ਰੀ ਵਲ, ਸਪੁੱਤ੍ਰੀ ਦੇ ਸਿਰਤਾਜ ਦੀਨਾ ਨਾਥ ਦੇ ਸ਼ਰਨਪਾਲ ਚਰਨਾਂ ਵੱਲ, ਅਤੇ ਉਸ ਕਵਲਨੈਨ ਦੇ 'ਨੈਨ-ਦੁਲਾਰਿਆਂ' ਵੱਲ ਲਗੀ ਰਹਿੰਦੀ ਸੀ। ਇਹ ਖਿੱਚ ਨਿਰੀ ਉਹ ਖਿੱਚ ਨਹੀਂ ਸੀ ਜੋ ਸਾਕਾਂ ਨੂੰ ਸਾਕਾਂ ਵਲ ਹੁੰਦੀ ਹੈ, ਪਰ ਇਸ ਵਿਚ ਸ਼ਰਧਾ, ਸਿਦਕ ਤੇ ਆਤਮਭਾਵਨਾ ਭਰੀ ਪਈ ਸੀ। ਇਸ ਖਿੱਚ ਵਿਚ ਸੰਸਾਰੀ ਮੋਹ ਦਾ ਹਿੱਸਾ ਸੀ ਪਰ ਘੱਟ, ਹਾਂ ਪਰਮਾਰਥੀ ਪ੍ਰੇਮ ਦਾ ਹਿੱਸਾ ਬਹੁਤ ਸੀ। ਇਸ ਬਹੁਲਤਾ ਕਰਕੇ ਉਸ ਦੇ ਅੰਦਰ ਇਕ ਅਚਰਜ ਤਰ੍ਹਾਂ ਦਾ ਆਨੰਦ ਬੱਝਾ ਰਹਿੰਦਾ ਸੀ। ਇਹ ਖਿੱਚ ਭੁਲਾਵੇ ਤੇ ਘਬਰਾ ਵਾਲੀ ਨਹੀਂ ਸੀ, ਜੋ ਉਸ ਤੋਂ ਆਪਣੇ ਘਰ ਦੇ ਕੰਮ ਕਾਜ ਤੇ ਹੋਰਨਾਂ ਸਾਕਾਂ ਸੰਬੰਧਾਂ ਨੂੰ ਛੁਡਾ ਦੇਂਦੀ। ਸਭਰਾਈ ਸਾਰੇ ਕੰਮ ਕਾਜ ਕਰਦੀ, ਸਾਕਾਂ ਨਾਲ ਨਿਭਦੀ ਤੇ ਪਤਿਬ੍ਰਤ ਧਰਮ ਪੂਰਾ ਕਰਦੀ, ਫਿਰ ਉਸ ਆਨੰਦ ਦੇ ਰਸ ਵਿਚ ਰੱਤੀ ਰਹਿੰਦੀ ਸੀ ਜੋ ਉਸਨੂੰ ਆਪਣੀ ਧੀ ਦੇ ਦੈਵੀ ਪਰਵਾਰ ਨਾਲ ਪ੍ਰੇਮ ਤੋਂ ਆਉਂਦਾ ਸੀ। ਇਹ ਸਭ ਕੁਝ ਹੁੰਦਿਆਂ ਸਭਰਾਈ ਵਿਚ, ਸੰਸਾਰ ਦੇ ਨਾ ਰਹਿਣ ਦਾ ਅਸਰ ਜੋ ਵੈਰਾਗ ਰੂਪ ਹੋਕੇ ਅੰਦਰ ਸਮਾ ਜਾਂਦਾ ਹੈ, ਘੱਟ ਆ ਰਿਹਾ ਸੀ। ਉਸਦੇ ਫੁਰਨੇ ਵਿਚ ਇਹ ਕਦੇ ਨਹੀ ਸੀ ਆਇਆ ਕਿ ਮੇਰੇ ਸੰਬੰਧੀ ਅਰ ਮੈਂ ਕਦੇ ਲੰਮੇਰੇ ਵਿਛੋੜੇ ਦਾ ਮੂੰਹ ਵੀ ਵੇਖ ਸਕਦੇ ਹਾਂ। ਸਗੋਂ ਜਦ ਕਦੀ ਉਸਦਾ ਜੀ ਜ਼ਰਾ ਬੀ ਬਿਰਹੋਂ ਦੀ ਪੀੜਾ ਪ੍ਰਤੀਤ ਕਰਨ ਲਗਦਾ ਸੀ, ਤਦੋਂ ਹੀ ਪਤੀ ਸਮੇਤ ਆਨੰਦਪੁਰ ਪਹੁੰਚਕੇ ਆਨੰਦ ਨਾਲ ਪੂਰਤਿ ਹੋ ਜਾਂਦੀ ਸੀ ਅਤੇ ਇਸ ਆਵਾਜਾਈ ਨੂੰ ਕਦੇ ਦੁਖਦਾਈ ਨਹੀਂ ਸਮਝਦੀ ਸੀ। ਪਤੀ ਬੀ ਗੁਰੂ ਚਰਨਾਂ ਦਾ ਭੌਰਾ ਤੇ ਪੂਰਾ ਸਤਿਸੰਗੀ ਸੀ। ਦੁਹਾਂ ਦਾ ਜੀਵਨ ਮਾਨੋਂ ਇਕ ਪਰਸਪਰ 'ਸਤਿਸੰਗ ਦਾ ਜੀਵਨ' ਸੀ। ਇਸ ਤਰ੍ਹਾਂ ਸਮੇਂ ਨੇ ਅਡੋਲ ਸੁਖ ਦੀ ਅਡੋਲ ਬੇਫ਼ਿਕਰੀ ਦੀ ਉਮਰਾ ਚੋਖੀ ਲੰਘਾ ਦਿਤੀ। ਹੁਣ ਸਾਂਈਂ ਨੇ ਆਪਣੇ ਗ਼ੈਬ ਦੇ ਪਰਦੇ ਵਿਚੋਂ ਕੀ ਆ ਦਿਖਾਇਆ ਕਿ ਉਹ ਪਿਆਰਾ ਪਤੀ, ਦੁਖ ਸੁਖ ਦਾ ਸਹਾਰਾ, ਸਿਰ ਦਾ ਵਾਲੀ ਤੇ ਆਪਣੇ ਆਪ ਦਾ ਆਪਣੇ

ਆਪ ਵਰਗਾ ਪਿਆਰਾ ਸਾਥੀ ਚਲ ਬਸਿਆ। ਸਭਰਾਈ ਵਿਧਵਾ ਹੋ ਗਈ। ਦਿਲ ਵਿਚ ਸਿਦਕ ਗੁਰੂ ਦਾ ਹੈ, ਬਾਣੀ ਦਾ ਆਸਰਾ ਬੀ ਹੈ, ਪਰ ਵਿਜੋਗ ਦੀ ਵਿਚਾਰ ਕਦੇ ਨਹੀਂ ਸੀ ਕੀਤੀ। ਸੱਟ ਅਚਾਨਕ ਜੁ ਆਕੇ ਪਈ ਦਿਲ ਹੀ ਮਾਨੋਂ ਟੁੱਟ ਗਿਆ। ਖਿੜੀ ਹੋਈ ਧੁੱਪ ਨੂੰ ਜਿਸ ਤਰ੍ਹਾਂ ਘਟਾ ਦਾ ਟੋਪ ਛਾਕੇ ਲੁਕਾ ਲੈਂਦਾ ਹੈ ਜਿਸ ਤਰ੍ਹਾਂ ਅੱਜ ਤਕ ਕਦੀ ਨਾ ਲੁਕੀ ਖੁਸ਼ੀ ਨੂੰ ਇਸ ਸਦਮੇ ਨੇ ਲੁਕਾ ਲਿਆ। ਸਤਿਸੰਗ ਦੀ ਸਹਾਇਤਾ ਮਾਈ ਦੀ ਸਹਾਈ ਸੀ ਪਰ ਦਿਲ ਫੇਰ ਬੀ ਡੋਲ੍ਹਦਾ ਸੀ।

ਪਤੀ ਦਾ ਸਵੇਰੇ ਚਲਾਣਾ ਹੋਇਆ, ਦੁਪਹਿਰੇ ਸਸਕਾਰ ਹੋਇਆ, ਸੰਧਯਾ ਨੂੰ ਭਾਈ ਬੰਦ ਬਿਰਾਦਰੀ ਵਿਦਾ ਹੋਕੇ ਘਰੋ ਘਰੀ ਜਾ ਸੁੱਤੇ। ਪਹਿਰ ਕੁ ਰਾਤ ਗਈ ਸਤਿਸੰਗਣਾਂ ਬੀ ਵਿਦਾ ਹੋ ਗਈਆਂ। ਸਭਰਾਈ ਨੂੰ ਅਜ ਪਹਿਲੀ ਰਾਤ ਆਈ ਜਿਸ ਦਿਨ ਉਸਨੇ ਆਪਣੇ ਆਪ ਨੂੰ ਸੰਸਾਰ ਪਰ ਇਕੱਲਿਆਂ ਲਖਿਆ। ਅਜ ਇਕੱਲ ਦੇ ਦੁੱਖ ਵਾਲੀ ਪਹਿਲੀ ਰਾਤ ਆਈ। ਨਾਮ ਦਾ ਅਭਜਾਸ ਤਾਂ ਹੈ, ਪਰ ਬਿਰਤੀ ਦੀ ਪ੍ਰਪੱਕਤਾ ਤੋਂ ਸੱਟ ਜ਼ਰਾ ਵਧੇਰੇ ਲੱਗੀ ਹੈ ਇਸ ਕਰਕੇ ਦਿਲ ਨੂੰ ਵਿਛੋੜੇ ਦਾ ਭਾਰ ਦਬਾਉਂਦਾ ਹੈ, ਘਰ ਵਿਚ ਚਾਰ ਚੁਫੇਰਿਓਂ ਇਕੱਲ ਖਾਣ ਨੂੰ ਆਉਂਦੀ ਹੈ। ਜਦ ਨਿਰਾਸਤਾ ਤੇ ਚਿੰਤਾ ਨੱਪਣ ਲਗਦੀਆਂ ਹਨ ਤਦ ਬਾਣੀ ਦਾ ਭਾਵ ਆਕੇ ਸਹਾਇਤਾ ਕਰਦਾ ਹੈ। ਨਾਲ ਹੀ ਦਿਲ ਪੁਤ੍ਰੀ ਦੇ ਦੈਵੀ ਪਿਆਰ ਦੇ ਖਿਆਲ ਨੂੰ ਯਾਦ ਕਰਕੇ ਢਾਰਸ ਬਨ੍ਹਾਉਂਦਾ ਹੈ। ਫੇਰ ਇਕ ਹੋਰ ਪਾਪੀ ਖਿਆਲ ਆਕੇ ਦਿਲ ਨੂੰ ਡੇਗਣ ਦਾ ਯਤਨ ਕਰਦਾ ਹੈ- 'ਹਾਇ ਕਿਤੇ ਪਿਆਰੇ ਪਤੀ ਵਾਂਗੂੰ ਇਹ ਪਰਵਾਰ ਯਾ ਇਸ ਪਰਵਾਰ ਦਾ ਕੋਈ ਅੰਗ ਸੰਸਾਰ ਤੋਂ ਟੁੱਟ ਗਿਆ ਤਦ ਕਿਸ ਆਸਰੇ ਜੀਵਨ ਹੋਵੇਗਾ? ਹੁਣ ਤਾਂ ਪਤੀ ਦੇ ਵਿਛੋੜੇ ਦੇ ਹਨੇਰੇ ਵਿਚ ਇਹ ਆਸਰਾ ਆ ਚਾਨਣਾ ਪਾਉਂਦਾ ਹੈ ਕਿ ਮੇਰਾ ਪਰਵਾਰ ਜੀਵੇ; ਪਰ ਜੇ ਹਾਇ! ਇਸ ਪਰਵਾਰ ਵਿਚੋਂ ਕੋਈ ਵਿਣਛਿਆ ਤਦ ਕੀ ਹੋਊ?' ਨਿਰਾਸਾ ਦੇ ਇਸ ਵਹਿਣ ਵਿਚੋਂ ਫੇਰ ਬਾਣੀ ਦਾ ਪਾਠ ਤੇ ਉਸਦਾ ਭਾਵ ਆਕੇ ਕੱਢਦੇ ਹਨ। ਕਹੇ-ਹਾਂ ਗੁਰੂ ਦੀ ਬਾਣੀ ਮੈਂ ਰੋਜ਼ ਪੜ੍ਹੀ ਤੇ ਸਮਝੀ ਬੀ, ਪਰ ਸਿਰ ਤੇ ਅੱਜ ਤਕ ਨਾ ਪਈ ਦੇ ਕਾਰਣ ਬਾਣੀ ਦੇ ਸਮਝੇ ਹੋਏ ਭਾਵ ਦਾ ਪਰਤਾਵਾ ਨਹੀਂ ਸੀ ਹੋਇਆ; ਹੁਣ ਪਰਤਾਵਾ ਆਯਾ ਹੈ। ਇਹ ਸੰਸਾਰ ਝੂਠਾ ਹੈ, ਪਰ ਅੱਜ ਹੱਡ ਵਰਤਿਆਂ ਪਤਾ ਲਗਾ ਹੈ।

ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ।।
ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ।।

*(ਸਾਰੰਗ ਮਾ: ੯-੩)*

ਜਦ ਬਾਣੀ ਦਾ ਭਾਵ ਤੇ ਸਤਿਸੰਗ ਦਾ ਉਪਦੇਸ਼ ਸਾਹਮਣੇ ਆ ਖੜੋਵੇ ਤਾਂ ਕਲੇਜੇ ਨੂੰ ਠੰਢ ਪੈ ਜਾਵੇ ਅਰ ਐਸੀ ਸ਼ਾਂਤਿ ਵਰਤੇ ਕਿ ਸਭਰਾਈ ਨੂੰ ਹੌਸਲਾ ਹੋ ਜਾਵੇ; ਇਉਂ ਜਾਪੇ ਕਿ ਬੱਸ ਚਿੰਤਾ ਦੇ ਬੱਦਲ ਉੱਡ ਗਏ ਹਨ ਅਰ ਸ਼ਾਂਤਿ ਦਾ ਚੰਦ੍ਰਮਾ ਚੜ੍ਹ ਪਿਆ ਹੈ। ਇਸ ਦਸ਼ਾ ਵਿਚ ਸਿਮਰਨ ਟੁਰ ਪਏ ਤੇ ਫੇਰ ਅੱਖ ਲੱਗ ਜਾਵੇ, ਪਰ ਕੁਝ ਚਿਰ ਮਗਰੋਂ ਨੀਂਦ ਖੁਲ੍ਹੇ ਤਾਂ ਕੀ ਦੇਖੇ ਕਿ ਫੇਰ ਘਬਰਾ ਪੈ ਰਿਹਾ ਹੈ। ਉਸੇ ਤਰ੍ਹਾਂ ਫੇਰ ਸੋਚਾਂ ਫੁਰਨ, ਫੇਰ ਗੁਰਬਾਣੀ ਦਾ ਆਸਰਾ ਆਕੇ ਖੁੱਭਣ ਤੋਂ ਕੱਢ ਲਵੇ। ਇਸ ਤਰ੍ਹਾਂ ਪਹਿਲੀ ਦੁਖ ਭਰੀ ਰਾਤ ਜੁਗਾਂ ਦੀ ਹੋ ਹੋਕੇ ਬੀਤ ਰਹੀ ਹੈ। ਜਿਸ ਦਿਲ ਨੇ ਸੰਸਾਰ ਦੇ ਪਦਾਰਥ ਦੇ ਸੁਖ ਹੀ ਸੁਖ ਦੇਖੇ ਸੇ ਅਰ ਕਦੇ **'ਦ੍ਰਿਸਟਿਮਾਨ ਹੈ ਸਗਲ ਮਿਥੇਨਾ'** ਦੇ ਭਾਵ ਦਾ ਪਰਤਾਵਾ ਨਹੀਂ ਝੱਲਿਆ ਸੀ ਓਸ ਲਈ ਅਚਰਜ ਦੁਚਿਤਾਈ ਦਾ ਸਮਾਂ ਸੀ।

ਪਹੁ ਫੁੱਟੀ ਨਹੀਂ ਸੀ ਕਿ ਸਭਰਾਈ ਦੇ ਬੂਹੇ ਨੂੰ ਕਿਸੇ ਨੇ ਖੜਕਾਇਆ। ਆਹ! ਅੱਜ ਪਹਿਲੀ ਰਾਤ ਸੀ ਕਿ ਪਿਆਰੇ ਸਾਥੀ ਦੇ ਨਾ ਹੋਣ ਕਰਕੇ ਮਾਈ ਸਤਿਸੰਗ ਵਿਚ ਨਹੀਂ ਜਾ ਸਕੀ ਸੀ। ਆਸਾ ਦੀ ਵਾਰ ਦਾ ਦੀਵਾਨ ਧਰਮਸਾਲ ਵਿਚ ਲੱਗਾ ਹੋਇਆ ਸੀ ਪਰ ਕਦੀ ਨਾਗਾ ਨਾ ਪਾਉਣ ਵਾਲੀ ਸਭਰਾਈ ਨਾ ਆਈ। ਜਿਸ ਨੇ ਕਦੇ ਕੱਲਿਆਂ ਪੈਰ ਬਾਹਰ ਨਹੀਂ ਸੀ ਪਾਇਆ, ਉਸਦੇ 'ਪਿਆਰੇ ਦਾ ਪੈਖੜ ਸੁਣਕੇ ਆਸਰੇ ਨਾਲ ਤੁਰਨ ਵਾਲੇ ਸਤਿਸੰਗ ਦੇ ਰਸਤੇ ਤੇ ਪੰਧਾਊ' ਪੈਰ ਅਜ ਸੰਗਦੇ ਤੇ ਰੋਕਦੇ ਸੰਗਲਾਂ ਨਾਲ ਜਕੜੇ ਤੇ ਦੁਚਿਤਾਈ ਦੀ ਜਿੱਲ੍ਹਣ ਵਿਚ ਫਸਦੇ-ਨਿਕਲਦੇ ਪੈਰ, ਆਪਣੇ ਹੀ ਬਿਸਤਰੇ ਨਾਲ ਰਗੜਜੀਦੇ ਰਹੇ ਹਨ। ਪਰ ਸਤਿਸੰਗ ਦਾ ਬਿਰਦ ਪਤਿਤ ਪਾਵਨ ਤੇ ਭਗਤ ਵੱਛਲ ਹੈ। ਸਤਿਸੰਗੀ ਜਾਣਦੇ ਹਨ ਕਿ ਸੰਸਾਰ ਦੇ ਦੁੱਖ ਜਦ ਪੈਂਦੇ ਹਨ ਤਾਂ ਕੀ ਹਾਲ ਕਰਦੇ ਹਨ। ਕੇਵਲ ਪੜ੍ਹੇ ਹੋਏ ਯਾ ਨਿਰੀ ਕਥਾ ਕਰਨ ਵਾਲੇ, ਯਾ ਲੋਕਾਂ ਲਈ ਪਰਮਾਰਥ ਦੇ ਰੱਸੇ ਵੱਟਣ ਵਾਲੇ ਇਨ੍ਹਾਂ ਅਵਸਥਾਂ ਨੂੰ ਸਮਝ ਨਹੀਂ ਸਕਦੇ। ਏਹ ਗਲਾਂ ਓਹੀ ਸਮਝਦੇ ਹਨ ਜਿਨ੍ਹਾਂ ਨੇ ਸੱਚ ਮੁੱਚ ਧਰਮ ਦਾ ਜੀਵਨ ਜੀਵਿਆ ਹੈ। ਦੂਰ ਖੜੋਤੇ ਪੰਡਤ ਤੇ ਉਪਦੇਸ਼ਕ ਕੇਵਲ ਇਹ ਕਹਿ ਸਕਦੇ ਹਨ ਕਿ

"ਨਿਸ਼ਚਾ, ਪ੍ਰੇਮ ਸਿਦਕ ਕੀ ਆਖ ਤੇ ਇਹ ਘਬਰਾ ਕੀ ਆਖ?" ਪਰ ਪਰਮਾਰਥ ਦੀਆਂ ਮੰਜ਼ਲਾਂ ਦੇ ਤੁਰਨ ਵਾਲੇ ਅਧਿਕਾਰ ਤੇ ਦਸ਼ਾ ਨੂੰ ਪਛਾਣਦੇ ਹਨ। ਏਹ ਸਾਰੇ ਲਹਾਉ ਚੜ੍ਹਾਉ, ਪਹਾੜ ਪਹਾੜ ਦੇ ਪੈਂਡੇ ਕੱਟਣੇ, ਚੜ੍ਹ ਜਾਣਾ ਤੇ ਫੇਰ ਉਤਰਨਾ, ਫੇਰ ਉਚਾਈ ਤੇ ਫਿਰ ਉਤਰਾਈਆਂ ਦੇ ਵਲ ਫੇਰ ਉਹਨਾਂ ਦੇ ਅਗੇ ਆਉਂਦੇ ਹਨ ਜੋ ਤੁਰਦੇ ਹਨ। ਜੋ ਆਚਰਣ ਤੋਂ ਡਿੱਗੇ ਯਾ ਅਨਭੋਲ ਦਸ਼ਾ ਵਿਚ ਖੜੋਤੇ ਯਾ ਫੋਕੀ ਪੰਡਿਤਾਈ ਵਿਚ ਖੜੇ ਹਨ, ਓਹ ਖਯਾਲ ਕਰਦੇ ਹਨ ਕਿ ਪਹਾੜ ਤੇ ਚੜ੍ਹੇ ਤਾਂ ਬਸ ਚੜ੍ਹਾਈ ਹੀ ਚੜ੍ਹਾਈ ਆਵੇਗੀ, ਘਾਟੀਆਂ ਵਾਦੀਆਂ ਤੇ ਦੂਣਾਂ ਦੇ ਓਹ ਜਾਣੂ ਨਹੀਂ ਹੁੰਦੇ; ਇਸ ਕਰਕੇ ਨਿਰੇ ਨੁਕਸ ਹੀ ਛਾਂਟਦੇ ਹਨ। ਹਾਂ ਰਾਹੇ ਤੁਰਨ ਵਾਲੇ ਸਤਿਸੰਗੀ ਸਮਝਦੇ ਹਨ ਕਿ ਸੁਰਤ ਕਿੱਕੂੰ ਪੱਕਦੀ ਹੈ। ਸਤਿਸੰਗੀਆਂ ਨੇ ਸਮਝਿਆ ਕਿ ਅੱਜ ਮਾਈ ਸਭਰਾਈ ਕਿਉਂ ਨਹੀਂ ਆਈ? ਓਧਰ ਪਹੁ ਫੁੱਟਣ ਲੱਗੀ ਸੀ, ਓਧਰ ਆਲਸੀਆਂ ਦੀਆਂ ਅੱਖਾਂ ਵਾਂਗੂੰ ਬੰਦ ਬੂਹਾ ਮਾਈ ਦੇ ਘਰ ਦਾ ਕਿਸੇ ਨੇ ਖੁੱਲ੍ਹਣ ਲਈ ਆ ਖੜਕਾਯਾ। ਮਾਈ ਭੀ ਜਾਣ ਗਈ ਕਿ ਇਸ ਇਕੱਲ ਦੇ ਬਨ ਦਾ ਸਹਾਈ, ਇਸ ਨਿਮਾਣੀ ਰਹਿ ਗਈ ਨੂੰ ਮਨ ਦੇ ਰੋੜ੍ਹ ਵਿਚੋਂ ਕੱਢਣ ਵਾਲਾ, ਇਸ ਚਿੰਤਾ ਦੇ ਘੁੰਮਣ ਘੇਰੇ ਵਿਚੋਂ ਚਿੱਤ ਨੂੰ ਪਾਰ ਕਰਨ ਵਾਲਾ ਸਤਿਸੰਗ ਤੋਂ ਬਿਨਾਂ ਕੌਣ ਹੋ ਸਕਦਾ ਹੈ? ਉੱਠੀ, ਅੱਖਾਂ ਅੱਗੇ ਹਨੇਰਾ ਆਇਆ, ਛੱਲੇ ਬੱਝਕੇ ਉੱਡੇ, ਪਰ ਪਤਾ ਨਹੀਂ ਕਿਵੇਂ ਦਿਲ ਦੇ ਡੂੰਘ ਵਿਚੋਂ ਇਹ ਤੁਕ ਸਾਰੇ ਪੜਦੇ ਪਾੜਕੇ ਉੱਠੀ **"ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣ ਹਾਰੁ।"** ਆਹਾ! ਉਮੈਦਾਂ ਦਾ ਸੂਰਜ ਚੜ੍ਹ ਪਿਆ। ਮਾਈ ਨੇ ਬੂਹਾ ਖੋਲ੍ਹਿਆ। ਸੱਤਰਾਂ ਵਰਿਹਾਂ ਦੇ ਬਿਰਧ ਭਾਈ ਸੁਜਾਨ ਸਿੰਘ ਜੀ, ਚਿੱਟੇ ਸੁਫੈਦ ਨੂਰ ਭਰੇ ਲੰਮੇ ਦਾੜੇ ਨਾਲ ਉੱਜਲ ਰੂਪ ਤੇ ਗੁਰੂ-ਪ੍ਰੇਮ ਨਾਲ ਉੱਜਲ ਰਿਦੇ ਵਾਲੇ ਨਜ਼ਰ ਪਏ। ਮਗਰ ਦੋ ਚਾਰ ਹੋਰ ਮਾਈ ਭਾਈ ਵੀ ਖੜੇ ਸਨ। ਸਤਿਸੰਗ ਦਾ ਇਹ ਪਿਆਰ ਤੇ ਬਿਰਧ ਪਿਤਾ ਦੀ ਇਹ ਖੇਚਲ ਵੇਖਕੇ ਸ਼ੁਕਰ ਨੇ ਸਭਰਾਈ ਨੂੰ ਬੇਬੱਸ ਕਰ ਦਿੱਤਾ ਅਰ ਪੈਰਾਂ ਤੇ ਡਿੱਗ ਪਈ। ਬਿਰਧ ਨੇ ਸਿਰ ਸਮ੍ਹਾਲਦੇ ਹੋਏ ਕਿਹਾ। "ਬੱਚੀ! ਰਜ਼ਾ ਵਾਹਿਗੁਰੂ ਦੀ, ਪਿਆਰਾ ਆਪਣੇ ਪਿਆਰੇ ਕੋਲ ਜਾ ਵੱਸਿਆ ਤੇ ਤੂੰ ਸਤਿਸੰਗ ਵਿਚ ਨਾਗਾ ਪਾਇਆ? ਅੱਜ ਤਾਂ ਨਾਗੇ ਦਾ ਦਿਨ ਨਹੀਂ ਸੀ, ਸਗੋਂ ਅੱਜ ਹੀ ਸੰਸਾਰ ਦੀ ਅਸਾਰਤਾ ਸਮਝਕੇ ਸਦਾ ਲਈ ਜੀਉ ਉੱਠਣ ਦਾ ਸਮਾਂ ਸੀ। ਬੇਟਾ! ਸਾਡੇ ਲਈ ਮੌਤ ਕੇਵਲ ਦਰਵਾਜ਼ਾ ਹੈ, ਜਿਸ ਥੋਂ ਲੰਘ ਕੇ ਅਸੀਂ ਉੱਥੇ ਪਹੁੰਚਦੇ ਹਾਂ ਕਿ ਜਿਥੇ ਸਦਾ ਸੁਖ ਸਾਨੂੰ ਸਦਾ ਸਾਂਈਂ

ਦੇ ਚਰਨਾਂ ਵਿਚ ਰੱਖਦਾ ਹੈ। ਮੌਤ ਕੋਈ ਭਿਆਨਕ ਦੁਖਦਾਈ ਸ਼ੈ ਨਹੀਂ, ਮੌਤ ਆਤਮਾ ਦਾ ਜਨਮ ਹੈ, ਆਓ ਬੇਟਾ! ਸਤਿਸੰਗ ਤੋਂ ਰੁਕਣਾ ਸਿਖੀ ਵਿਚ ਠੀਕ ਨਹੀਂ ਹੈ। ਅਸਾਂ ਵੀ ਸਾਰਿਆਂ ਓਥੇ ਹੀ ਜਾਣਾ ਹੈ। ਕੋਈ ਅਸਾਂ ਸਦਾ ਏਥੇ ਰਹਿਣਾ ਹੈ ਜੋ ਦੁਖ ਕਰੀਏ।"

ਇਹ ਪਿਆਰ ਦਾ ਉਪਦੇਸ਼ ਸੁਣਕੇ ਸਭਰਾਈ ਸ਼ੁਕਰ ਵਿਚ ਆਈ ਤੇ ਛੇਤੀ ਨਾਲ ਤਿਆਰ ਹੋਕੇ ਬਾਬਾ ਜੀ ਨਾਲ ਤੁਰ ਪਈ ਤੇ ਸਤਿਸੰਗ ਵਿਚ ਅੱਪੜੀ। ਅੱਜ ਮਾਰੂ ਦੇ ਪ੍ਰਮਾਣ ਤੇ ਨੌਵੇਂ ਸਤਿਗੁਰਾਂ ਦੀ ਬਾਣੀ ਦੇ ਵਾਕ ਗਾਵੇਂ ਜਾ ਰਹੇ ਸੇ। ਵਾਰ ਦੇ ਭੋਗ ਮਗਰੋਂ ਕਥਾ ਵੀ ਇਸੇ ਵਿਸ਼ੇ ਤੇ ਹੋਈ ਕਿ ਜੀਵਨ ਪਵਿਤ੍ਰ, ਉਪਕਾਰੀ ਤੇ ਪਰਮੇਸ਼ੁਰ ਦੀ ਯਾਦ ਵਾਲਾ ਹੋਵੇ। ਮੌਤ ਬੁਰੀ ਸ਼ੈ ਨਹੀਂ, ਆਤਮਾ ਦਾ ਜਨਮ ਹੈ, ਪਿਆਰਿਆਂ ਦਾ ਮਰਨਾ ਵਿਛੋੜਾ ਹੈ, ਵਿਛੋੜੇ ਵਿਚ ਪੀੜ ਤਾਂ ਹੈ, ਪਰ ਓਹ ਵਿਛੋੜਾ ਸਦਾ ਦਾ ਨਹੀਂ ਹੈ। ਸਾਡਾ ਸਰੂਪ ਹੈ 'ਹੋਂਦ', ਸਾਡਾ ਰੂਪ 'ਅਣਹੋਂਦ' ਯਾ ਨਸ਼ਟ ਹੋਣਾ ਨਹੀਂ ਹੈ। ਹਾਂ, ਪਰ ਸਾਡਾ ਜੀਵਨ ਸਿਮਰਨ ਦਾ ਹੋਣਾ ਚਾਹੀਏ। ਸਭਰਾਈ ਦੇ ਆਤਮਾ ਵਿਚੋਂ ਸੰਸੇ, ਭੈ ਤੇ ਨਿਰਾਸਤਾ ਦੇ ਬੱਦਲਾਂ ਨੇ ਉਡਾਰੀ ਮਾਰੀ। ਬੀਬੀ ਦਾ ਮਨ ਸਿਮਰਨ ਵਿਚ ਰੌ ਬੰਨ੍ਹ ਟੁਰਿਆ। ਐਉਂ ਬੀਤੀ ਪਹਿਲੇ ਦੁਖ ਦੀ ਪਹਿਲੀ ਰਾਤ। ਸਤਿਸੰਗ ਦੇ ਪ੍ਰਤਾਪ ਨਾਲ ਮਾਈ ਦਾ ਸਿਮਰਨ ਫਿਰ ਅਡੋਲ ਹੋ ਗਿਆ।

ਆਨੰਦ ਪੁਰ ਖਬਰ ਘੱਲਕੇ ਪੁੱਤਰੀ ਨੂੰ ਲਾਹੌਰ ਸੱਦਕੇ ਔਖ ਦੇਣ ਦੀ ਥਾਂ ਆਪ ਮਾਈ ਆਨੰਦ ਪੁਰ ਟੁਰ ਗਈ। ਸਤਿਸੰਗੀ ਸਜਣ ਬੀ ਕੁਝ ਨਾਲ ਟੁਰ ਪਏ।

# ਦੂਸਰੀ ਰਾਤ

**ਪਰਮਾਰਥ** ਦੇ ਰਸਤੇ ਦੀ ਤੁਰਨ ਵਾਲੀ, ਬਾਣੀ ਦੀ ਨੇਮਣ ਤੇ ਨਾਮ ਦੀ ਪ੍ਰੇਮਣ ਮਾਈ ਪਤੀ ਦੇ ਵਿਯੋਗ ਵਿਚ ਹੋਇਆਂ ਆਪਣੇ ਹਿਰਦੇ ਵਿਚ ਵੇਖ ਰਹੀ ਹੈ ਕਿ ਪਤੀ-ਚਰਨਾਂ ਦਾ ਪ੍ਰੇਮ ਕਿਸ ਤਰ੍ਹਾਂ ਦੇ ਵੈਰਾਗ ਨੂੰ ਪੈਦਾ ਕਰ ਰਿਹਾ ਹੈ। ਲੋਕੀਂ ਕਹਿਣਗੇ ਕਿ ਸ੍ਰੀ ਗੁਰੂ ਕਲਗੀਧਰ ਜੀ ਦੀ ਮਾਤਾ ਤੁੱਲਯ ਸੱਸ 'ਪਤੀ ਵਿਯੋਗ' ਪਰ ਕਿਉਂ ਰੋਈ ਹੈ? ਇਹ ਕਾਹਦੀ ਸਤਿਸੰਗਣ ਹੈ ਜੋ ਅਜੇ ਰੋਂਦੀ ਹੈ? ਪਰ ਮਾਈ ਵਾਲੇਵੇ ਕਾਰਨ ਨਹੀਂ ਰੋਈ, ਇਸ ਕਰਕੇ ਉਸ ਦਾ ਰੋਣਾ ਖੁਆਰ ਰੋਣਾ ਨਹੀਂ ਹੈ, ਪਰ ਉਹ ਪ੍ਰੇਮ ਦੇ ਹੰਝੂ ਰੋਕਣੋਂ ਰੁਕ ਜਾਂਦੀ ਹੈ, ਇਸ ਕਰਕੇ ਇਸ ਦੇ ਰੋਣ ਦੇ ਭੇਤ ਨੂੰ ਜਾਣਨਾ ਚਾਹੀਏ। ਉਹ ਭੇਤ ਡੂੰਘਾ ਹੈ, ਮਾਮੂਲੀ ਅੱਖ ਇਹਨਾਂ ਹੰਝੂਆਂ ਦੇ ਭੇਤ ਤਕ ਨਹੀਂ ਅੱਪੜਦੀ। ਰਸੀਏ ਜਾਣਦੇ ਹਨ ਕਿ ਮਾਈ 'ਹਾਇ ਕੀ ਹੋ ਗਿਆ', 'ਹਾਇ ਰੱਬ ਨੇ ਬੁਰਾ ਕੀਤਾ', 'ਹਾਇ ਹੁਣ ਕੀ ਹੋਵੇਗਾ' ਐਸ ਤਰ੍ਹਾਂ ਦੇ ਨਿਹਚੇ ਤੋਂ ਸੱਖਣੇ ਸੰਕਲਪ ਲੈਕੇ ਨਹੀਂ ਰੋਈ। ਉਹ ਆਪਣੇ ਸਤਿਸੰਗੀ ਪਤੀ ਦੇ ਵਿਯੋਗ ਪਰ ਆਪਣੇ ਆਤਮਾ ਵਿਚ ਪ੍ਰੇਮ- ਭਰੀ ਸਿੱਕ ਨਾਲ ਕਹਿ ਰਹੀ ਹੈ:-

**"ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ।।**
**ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ।।"**

(ਮਾਰੂ: ਡਖਣੇ ਮ:੫-੧੮)

ਪਹਿਲੀ ਰਾਤ ਜੋ ਉਸ ਨੇ ਬਿਤਾਈ ਇਹ ਜ਼ਿੰਦਗੀ ਵਿਚ ਪਹਿਲੀ ਉਹ ਰਾਤ ਸੀ ਕਿ ਜਿਸ ਰਾਤ ਵਿਚ ਉਸ ਨੇ ਆਪਣੇ ਆਪ ਨੂੰ ਸੱਚੇ ਸਤਿਸੰਗੀ ਤੋਂ ਵਾਂਞੀ ਹੋਈ ਇਕੱਲ ਵਿਚ ਪਾਇਆ। ਉਸ ਦੇ ਮਨ ਵਿਚ ਭਰੋਸਾ ਖੜੋਤਾ ਹੈ, ਧੀਰਜ ਭੀ ਹੈ, ਨਹੀਂ ਤਾਂ ਕੀ ਨਹੀਂ? ਇਕ ਆਪਣੇ ਵਰਗੇ ਆਪਾ ਹੋ ਗਏ ਸਤਿਸੰਗੀ ਦੇ ਭਜਨ ਉਪਕਾਰ ਵਾਲੇ ਸਰੀਰ ਦੇ ਆਸਰੇ ਦਾ ਜੋ ਗੁਪਤ ਨਸ਼ਾ ਮਨ ਵਿਚ ਸੀ, ਉਹ ਨਹੀਂ ਹੈ। ਸੁਰਤ ਨੂੰ ਓਸ ਆਸਰੇ ਦਾ ਘਾਟਾ ਹੋ ਗਿਆ ਹੈ, ਜੋ ਆਸਰਾ ਪ੍ਰਮਾਰਥ ਦਾ ਸਹਾਈ ਸੀ। ਇਸ ਕਰਕੇ ਸੁਰਤ ਨਾਮ ਤੋਂ ਹਿੱਲਕੇ ਵੈਰਾਗ ਪੂਰਤ ਹੋਕੇ ਉਸ ਪਿਆਰੇ ਦੇ ਧਿਆਨ ਵਿਚ ਆ

ਜਾਂਦੀ ਤੇ ਫੇਰ ਆਖਦੀ ਹੈ :- "ਹੇ ਪ੍ਰਾਣ ਪਿਆਰੇ! ਮੇਰੀ ਸੰਸਾਰ ਯਾਤ੍ਰਾ ਸ਼ਰਮ, ਧਰਮ, ਸਿੱਖੀ ਸਿਦਕ ਨਾਲ ਨਿਭ ਜਾਵੇ"। ਐਉਂ ਕਹਿੰਦੇ ਸੰਸਾਰ ਵਿਚ ਇਕ ਉਦਰੇਵਾਂ ਦਿੱਸਕੇ ਨੈਣ ਵਹਿ ਤੁਰਦੇ ਹਨ ਤੇ ਫੇਰ ਬੇਨਤੀ ਉਠਦੀ- "ਹੇ ਅਕਾਲ ਪੁਰਖ! ਪਿਆਰੇ ਸਿਰਤਾਜ ਨੂੰ ਆਪ ਨੇ ਸੱਦ ਲਿਆ ਹੈ, ਆਪਣੇ ਚਰਨਾਂ ਵਿਚ ਥਾਂ ਦੇਣੀ ਤੇ ਦਾਸੀ ਨੂੰ ਓਥੇ ਅੱਪੜਨ ਦੀ ਯੋਗਤਾ ਬਖਸ਼ਣੀ"।

ਇਸ ਅਰਾਧਨਾ ਵਿਚ ਵਾਹਿਗੁਰੂ ਦੀ ਅਮਿੱਤ ਵਡਿਆਈ ਤੇ ਕ੍ਰਿਪਾਲਤਾ ਦੇ ਭਾਉ ਨਾਲ ਨੇਤ੍ਰਾਂ ਵਿਚ ਨੀਰ ਭਰ ਆਉਂਦਾ ਹੈ। ਇਸ ਪਰ ਗੁਰਬਾਣੀ ਕਹਿੰਦੀ ਹੈ :-

**"ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।"**

(ਵਡ:ਮ:੧)

ਕੌਣ ਨਹੀਂ ਰੋਂਦਾ ? ਡਾਕੂ ਅਰ ਕਸਾਈ। ਕੌਣ ਨਹੀਂ ਰੋਂਦਾ? ਨਿਰਦਈ ਅਰ ਜੜ। ਕੋਮਲ ਹਿਰਦਿਆਂ ਵਾਲੇ ਰੋਂਦੇ ਹਨ। ਰੋਣ ਬਿਰਹੋਂ ਦਾ ਮੁੱਖ ਲੱਛਣ ਹੈ, ਅਰ ਬਿਰਹੋਂ ਪ੍ਰੇਮ ਰਾਜ ਦਾ ਸੁਲਤਾਨ ਹੈ :-

**"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।।**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ।।੩੬।।"**

ਮਸਾਣ ਦੀ ਧਰਤੀ ਡਾਢੀ ਸੜੀ ਹੋਈ ਤੇ ਪਾਣੀ ਤੋਂ ਖਾਲੀ ਹੁੰਦੀ ਹੈ, ਬਿਰਹੋਂ ਵਿਹੂਣੇ ਮਸਾਣ ਸਮਾਨ ਹਿਰਦੇ ਨੇ ਕੀ ਰੋਣਾ ਹੈ? ਰੋਹੀਆਂ ਧਰਤੀਆਂ ਰੋਂਦੀਆਂ ਹਨ ਜੋ ਪਾਣੀਆਂ ਨਾਲ ਭਰਪੂਰ ਹਨ। ਨਾਮ ਤੇ ਪ੍ਰੇਮ ਵਾਲੀਆਂ ਅੱਖੀਆਂ ਵਾਲੇਵੇ ਕਾਰਨ ਨਹੀਂ ਰੋਂਦੀਆਂ, ਨਾਸ਼ੁਕਰੀ ਦੇ ਕਾਰਨ ਨਹੀਂ ਰੋਂਦੀਆਂ, ਕਾਫ਼ਰ ਹੋਕੇ ਨਹੀਂ ਰੋਂਦੀਆਂ, ਪਰ ਆਪਣੇ ਸਿਰਜਣਹਾਰ ਦੇ ਪ੍ਰੇਮ ਵਿਚ ਦ੍ਰੱਵਕੇ ਰੋਂਦੀਆਂ ਹਨ। ਏਹ ਅੱਖੀਆਂ ਪਿਆਰੇ ਗੁਰਮੁਖਾਂ ਦੇ ਚਰਨਾਂ ਵਿਚ ਪ੍ਰਾਰਥਨਾ ਕਰਦਿਆਂ ਰੋਂਦੀਆਂ ਹਨ। ਗੁਰਮੁਖ ਅੱਖੀਆਂ ਸੰਸਾਰ ਦੇ ਦੁੱਖਾਂ ਪਰ ਤਰਸ ਖਾਕੇ ਉਪਕਾਰ ਕਰਕੇ ਰੋਂਦੀਆਂ ਹਨ। 'ਹਾਂ, ਪਾਪੀਆਂ ਦੀਆਂ ਕਮਜ਼ੋਰੀਆਂ ਪਰ ਅਪ੍ਰਾਧੀਆਂ ਦੇ ਅਪ੍ਰਾਧ ਦੇਖਕੇ ਤੇ ਗਰੀਬਾਂ ਦੀ ਸਹਾਇਤਾ ਵਿਚ ਰੋਂਦੀਆਂ ਹਨ ਏਹ ਅੱਖੀਆਂ। ਆਪਣੇ ਪਾਪਾਂ ਦੀ ਕਾਲਕ ਧੋਣ ਵਾਸਤੇ ਕੀਤੇ ਕਰਮਾਂ ਪਰ ਰੋਣਾ ਸਾਬਣ ਦੀ ਚੱਟ ਲਾਕੇ ਆਪਣੇ ਕਲੰਕਿਤ ਆਤਮਾ ਨੂੰ ਸਾਫ਼ ਕਰਨਾ ਹੈ। ਨੇਕ ਰੂਹਾਂ ਜਦ ਨੇਕੀ ਵਿਚ ਪ੍ਰੇਮ ਭਰਕੇ ਰੋਂਦੀਆਂ ਹਨ ਤਦ ਸ਼ਰਮ ਨਹੀਂ ਕਰਦੀਆਂ ਕਿ ਹਾਇ ਲੋਕੀਂ ਕੀਹ ਆਖਣਗੇ! ਓਹ ਪੁਕਾਰਕੇ ਕਹਿੰਦੀਆਂ

ਹਨ "ਮੈਂ ਨੀਰ ਵਹੈ ਵਹਿ ਚਲੈ ਜੀਉ"। ਹਾਂ, ਪ੍ਰੇਮ ਪੂਰਤ ਜਿੰਦੜੀਆਂ ਰੋਂਦੀਆਂ ਹਨ ਅਰ ਕਹਿੰਦੀਆਂ ਹਨ :-

"ਪੰਥ ਨਿਹਾਰੈ ਕਾਮਨੀ ਲੋਚਨ ਭਰੀ ਲੈ ਉਸਾਸਾ।।
ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ।।"

(ਗਉ ਕਬੀਰ-੬੫)

ਹਾਂ ਗੁਰਮੁਖ ਅੱਖਾਂ ਬੀ ਰੋਂਦੀਆਂ ਹਨ:-

"ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ।।"

(ਆਸਾ ਵਾਰ ਮ: ੧)

ਮਾਈ ਪਹਿਲੀ ਰਾਤ ਨੂੰ ਕਿਉਂ ਰੋਈ ਸੀ? ਮਾਈ ਪਿਆਰੇ ਸਤਿਸੰਗੀ ਪਤੀ ਦੇ ਸਤਿਸੰਗ ਤੋਂ ਵਾਂਝੀ ਹੋਈ ਆਪਣੇ ਆਪ ਨੂੰ ਦੇਖ ਰਹੀ ਸੀ, ਘਰ ਵਿਚ ਅੱਜ ਕਥਾ ਨਹੀਂ ਸੀ ਹੋਈ, ਕੀਰਤਨ ਨਹੀਂ ਸੀ ਹੋਇਆ। ਹਾਂ ਅੱਜ ਅੰਮ੍ਰਿਤ ਵੇਲੇ ਧਰਮਸਾਲ ਲਿਜਾਣ ਵਾਲਾ ਸਾਥੀ ਕੋਲ ਨਹੀਂ ਸੀ। ਓਹੋ ਅੱਖਾਂ ਜੋ ਇਸ ਵੇਲੇ ਸਤਿਸੰਗ ਵਿਚ ਸਮਾਧਿ ਸਥਿਤ ਹੋਕੇ ਪਿਆਰੇ ਵਾਹਿਗੁਰੂ ਵਿਚ ਟਿਕਾਉ ਦਾ ਆਨੰਦ ਲੈਂਦੀਆਂ ਸਨ ਅੱਜ ਆਪਣੀ ਨਿੱਘ ਨਾਲ ਨਿੱਘੇ ਹੋਏ ਸਿਰ੍ਹਾਣੇ ਨਾਲ ਰਗੜ ਖਾਂਦੀਆਂ ਹੰਝੂਆਂ ਪੰਘਾਰੇ ਬਿਨਾਂ ਕਿਸ ਤਰ੍ਹਾਂ ਰਹਿ ਸਕਦੀਆਂ ਹਨ? ਨਾ-ਸ਼ੁਕਰੀ ਤੇ ਨਿਰਾਸਤਾ ਵਿਚ ਨਹੀਂ ਪਰ ਨਿਜਦੇ ਸਤਿਸੰਗੀ ਦੇ ਚਲੇ ਜਾਣ ਤੇ, ਸਤਿਸੰਗ ਦੀ ਘਾਟ ਪੈਣ ਤੇ ਸੁਰਤ ਦਾ ਯਾ ਸਤਿਸੰਗੀ ਆਸਰਾ ਟੁੱਟਣ ਤੇ ਪਿਆਰ ਦਾ ਵੈਰਾਗ ਆਉਂਦਾ ਹੈ। ਫੇਰ ਬਾਣੀ ਦੇ ਆਸਰੇ ਨਾਲ ਅਰਦਾਸ ਦੇ ਰਸਤੇ ਸਾਂਈਂ ਦੀ ਹਜ਼ੂਰੀ ਵਿਚ ਜਾਕੇ ਮਾਈ ਨਾਮ ਦੇ ਰੌ ਵਿਚ ਲਗ ਜਾਂਦੀ ਹੈ।

"ਸਤਿਸੰਗ ਦੀ ਲਗਨ ਜਗਤ ਵਿਚ ਘਟ ਰਹੀ ਹੈ ਤੇ ਇਸੇ ਕਰਕੇ ਦੁਖ ਬੀ ਵੱਧ ਨਪੀੜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਤਿਗੁਰਾਂ ਨੇ ਸਤਿਸੰਗ ਦੀ ਬੜੀ ਮਹਿਮਾਂ ਕੀਤੀ ਹੈ। ਸਤਿਸੰਗ ਹੀ 'ਜਤਨ ਕਰ ਰਹੇ ਗੁਰਸਿਖਾਂ' ਦਾ ਆਸਰਾ ਹੈ। ਮਾਈ ਨੇ ਆਪ ਜਤਨ ਕੀਤੇ, ਹੰਭਲੇ ਮਾਰੇ, ਬਾਣੀ ਦੀ ਟੇਕ ਲਈ, ਸ਼ੋਕ ਵਿਚੋਂ ਟਿਕਾਉ ਤੇ ਸਿਦਕ ਵਿਚ ਬਾਣੀ ਦੇ ਜ਼ੋਰ ਤੇ ਨਾਮ ਦੇ ਆਸਰੇ ਆਈ ਹੈ ਪਰ ਸਤਿਸੰਗ ਨੇ ਬੜਾ ਆਸਰਾ ਦਿਤਾ ਹੈ ਤੇ ਡੋਲਨ ਤੋਂ ਕੱਢ ਲਿਆ ਹੈ।"

(ਬਾਬਾ ਨੋਧ ਸਿੰਘ, ਪੰਨਾ ੧੦੬)


www.sikhbookclub.com

ਮਾਈ ਦੀ ਇਸ ਤਰ੍ਹਾਂ ਦੀ ਪਹਿਲੀ ਰਾਤ ਗੁਜ਼ਰ ਚੁਕੀ ਸੀ। ਸਤਿਸੰਗ ਦੀ ਪ੍ਰੇਮਣ, ਪਤੀ ਵਿਚ ਸਤਿਸੰਗ ਦਾ ਆਸਰਾ ਵੇਖਣ ਵਾਲੀ ਮਾਈ, ਪ੍ਰੇਮ ਵਿਚ ਰੰਗੀ ਅਰ ਇਹ ਕਾਰਨ ਪਾਕੇ ਵੈਰਾਗ ਵਿਚ ਹੋਰ ਆਰੂੜ੍ਹ ਹੋ ਗਈ ਮਾਈ ਹੁਣ ਆਨੰਦਪੁਰ ਪਹੁੰਚੀ ਹੈ। ਪਿਆਰੀ ਪੁਤਰੀ ਨੂੰ ਆਕੇ ਮਿਲੀ। ਮਾਤਾ ਨੂੰ 'ਸ੍ਰੀ ਜੀਤੋ ਜੀ' ਧਾਕੇ ਮਿਲੀ, ਪਰ ਪਿਤਾ ਜੀ ਨਾਲ ਨਾ ਵੇਖਕੇ ਵੈਰਾਗ ਵਿਚ ਹੋਕੇ ਕਹਿੰਦੀ ਹੈ, "ਮਾਂ ਜੀ! ਪਿਆਰੇ ਬਾਪੂ ਜੀ ਕਿੱਥੇ ਹਨ?" ਤਦ ਉਹ ਮਾਈ ਕਿਸ ਸਿਦਕ ਵਿਚ ਬੋਲਦੀ ਹੈ: "ਬੀਬੀ ਜੀ! ਤੇਰੇ ਪਿਤਾ ਜੀ ਲੁਕਣਮੀਟੀ ਖੇਡਦੇ, ਦਾਈ ਫੁਲਾਂ ਸਿਹਰੇ ਕਰਦੇ, ਪਿਆਰੇ ਦੀ ਗੋਦ ਵਿਚ ਜਾ ਬਿਰਾਜੇ ਹਨ! ਉਹਨਾਂ ਦਾ ਸਰੀਰ ਦਾ ਪਰਦਾ ਦੂਰ ਹੋ ਗਿਆ ਤੇ ਆਤਮਾ ਸੁਤੰਤਰ, ਪਰ ਮੈਂ ਵਿਯੋਗ ਮਾਰੀ ਸ਼ੁਕਰ ਨਹੀਂ ਕਰ ਸਕੀ। ਸਤਿਗੁਰਾਂ ਦੇ ਚਰਨਾਂ ਵਿਚ ਨੱਠੀ ਆਈ ਹਾਂ ਜੋ ਮੇਰੀ ਸਿਦਕ ਦੀ ਬੇੜੀ ਨੂੰ ਡੋਲਣ ਤੋਂ ਬਚਾ ਲੈਣ।" ਪਿਤਾ ਦਾ ਵਿਯੋਗ ਸੁਣਦੇ ਸਾਰ ਮਾਤਾ ਜੀਤੋ ਜੀ ਦੇ ਆਤਮਾ ਵਿਚ ਵੈਰਾਗ ਦਾ ਚੱਕਰ ਆਯਾ। ਚੱਕਰ ਦੇ ਨਾਲ ਅਫੁਰਤਾ ਆਕੇ ਸੁਰਤ ਉਚੇ ਘਰੀਂ ਜਾ ਚੜ੍ਹੀ ਅਰ ਦੋ ਕੁ ਮੋਤੀ ਕਿਰਦਿਆਂ ਤਕ ਸਮਾਧਿ ਲੱਗ ਗਈ। ਮਾਈ ਭੀ ਬਚੜੀ ਦੇ ਪਾਸ ਬੈਠੀ ਏਕਾਗਰ ਚਿੱਤ ਹੋਕੇ ਨਾਮ ਵਿਚ ਲਗ ਗਈ। ਕਿਤਨਾ ਕਾਲ ਬੀਤ ਗਿਆ। ਸ੍ਰੀ ਦਸਮੇਸ਼ ਜੀ ਆ ਗਏ। ਦੁਹਾਂ ਦੇ ਨੈਣ ਖੁਲ੍ਹ ਗਏ। ਮਾਈ ਵਲ ਵੇਖਕੇ ਸ੍ਰੀ ਗੁਰੂ ਜੀ ਪ੍ਰੇਮ ਨਾਲ ਬੋਲੇ।

**"ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ॥**
**ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋਬਿੰਦੁ॥੬॥"**

ਇਨ੍ਹਾਂ ਦੋ ਤੁਕਾਂ ਵਿਚ ਮਾਈ ਨੂੰ ਉਹ ਆਤਮ ਦਰਸ ਤੇ ਉਹ ਆਤਮ ਉਪਦੇਸ਼ ਹੋਇਆ ਕਿ ਸਰੀਰ ਦੇ ਪਰਦੇ ਵਿਚ ਜੋ ਆਪਾ ਉੱਚਾ ਉਠਦਾ ਸੀ ਉਸ ਨੂੰ ਇਕ ਹੋਰ ਉਚਾ ਝਲਕਾ ਵਜਦਾ ਹੈ।

"ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥"

(ਗਉ: ਮ: ੧-੪)

ਅਮਰ ਅਵਸਥਾ ਲਖੀ ਗਈ। ਕੁਝ ਕਾਲ ਏਦਾਂ ਹੀ ਬੀਤ ਗਿਆ। ਸਤਿਗੁਰ ਦੇ ਸਤਿਸੰਗ ਦੇ ਪ੍ਰਵਾਹ ਵਿਚ ਪਤੀ ਵਿਯੋਗ ਦੀ ਸੱਟ ਤੋਂ ਬਾਦ

ਆਤਮਾ ਇਕ ਪਉੜੀ ਹੋਰ ਚੜ੍ਹ ਗਿਆ। ਕੈਸਾ ਆਨੰਦ ਹੈ! ਰੂਹ ਵਿਚ ਇਕ ਨਾ-ਮਲੂਮ ਕਮਜ਼ੋਰੀ ਜੋ ਵਿਛੋੜੇ ਦੀ ਸੱਟ ਨੇ ਪੈਦਾ ਕੀਤੀ ਸੀ, ਇਸ ਸਤਿਸੰਗ ਨੇ ਉਡਾ ਦਿੱਤੀ।

ਜਗਯਾਸੂ ਲਈ ਹਰ ਸਦਮਾ ਤ੍ਰੱਕੀ ਦਾ ਕਦਮ ਹੈ, ਹਰ ਠੂਹਕਰ ਉੱਨਤੀ ਦੀ ਪਉੜੀ ਹੈ, ਹਰ ਮੁਸੀਬਤ ਪਹਿਲੇ ਤੋਂ ਵਧੀਕ ਉੱਚਾ ਤੇ ਦਾਨਾ ਬਣਾਉਂਦੀ ਹੈ, ਪਰ ਤਾਂ ਜੇ ਜੀਉਣ-ਕਣੀ ਅੰਦਰ ਹੈ, ਸਤਿਸੰਗ ਦਾ ਆਸਰਾ ਹੈ ਤੇ ਮਨ ਉੱਨਤੀ ਵਲ ਨੂੰ ਉੱਮਲ ਰਿਹਾ ਹੈ।

**'ਮਉਲਾ ਖੇਲ ਕਰੇ ਸਭਿ ਆਪੇ'** ਸਾਂਈਂ ਦੇ ਰੰਗ ਤੇ ਭੇਤ ਸਾਂਈਂ ਜਾਣੇ ਪਰ ਜੀਵ, ਭਰੋਸੇ ਵਾਲਾ ਜੀਵ, ਗੁਰੂ ਕਾ ਸਵਾਰਿਆ ਜੀਵ, ਇਹ ਜਾਣਦਾ ਹੈ ਕਿ ਜੋ ਕੁਛ ਹੁੰਦਾ ਹੈ ਸਾਂਈਂ ਵਲੋਂ ਮੇਰੇ ਲਾਭ ਲਈ ਹੁੰਦਾ ਹੈ। ਮਾਈ ਲਈ ਹੁਣ ਦੂਸਰੀ ਰਾਤ ਆਈ। ਮਾਈ ਦੀ ਸੁਰਤ, ਜੋ ਨਾਮ ਵਿਚ ਲੱਗੀ ਰਹਿੰਦੀ ਹੈ, ਜੋ ਸ਼ਬਦ ਦੇ ਆਸਰੇ ਹੈ, ਸ਼ਾਇਦ ਅਜੇ ਏਥੇ ਜਾਕੇ ਟਿਕੀ ਨਹੀਂ, - **"ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ।"** **(ਬਿਲ:ਮ:੧-੧)** ਇਸ ਤੁਕ ਦੇ ਭਾਵ ਵਿਚ ਉਡਾਰੀ ਤਾਂ ਵਜਦੀ ਹੈ ਪਰ ਟਿਕਾਣਾ ਅਜੇ ਔਖੇਰਾ ਹੈ। ਇੱਥੇ ਟਿਕਾਉਣ ਲਈ ਪ੍ਰਮੇਸ਼ੁਰ ਨੇ ਮਾਨੋਂ ਐਉਂ ਪਕਾਵਣਾ ਹੈ ਜਿੱਕੂੰ ਲੁਹਾਰ ਆਪਣੇ ਸੰਦ ਘੜ ਘੜਕੇ ਤਿਆਰ ਕਰਦਾ ਹੈ। ਗੁਰੂ ਦੀ ਗੁਰੂ ਜਾਣੇ, ਪਰ ਮਾਈ ਦੀ ਰੂਹ ਵਿਚ ਹੋਰ ਬਲ ਭਰਨ ਵਾਸਤੇ ਹੋਰ ਔਖੀ ਰਾਤ ਆਈ।

ਇਕ ਦਿਨ ਮਾਤਾ ਜੀਤੋ ਜੀ ਨੇ ਲਿਵ ਵਿਚ ਜੁੜਿਆਂ ਕੀ ਡਿੱਠਾ ਕਿ ਸਾਰੇ ਸਪੁਤ੍ਰ ਅੱਖਾਂ ਦੇ ਅੱਗੇ ਸ਼ਹੀਦ ਹੋ ਗਏ ਹਨ। ਨੈਣ ਖੋਲੇ, ਅਰਦਾਸਾ ਸੋਧਿਆ ਫੇਰ ਸੁਰਤ ਜੋੜੀ ਫੇਰ ਉਹੋ ਦਰਸ਼ਨ। ਫੇਰ ਉਠਕੇ ਇਸ਼ਨਾਨ ਕੀਤਾ, ਟਹਿਲਕੇ ਇਕ ਦੋ ਭੋਗ ਸ੍ਰੀ ਜਪੁ ਸਾਹਿਬ ਦੇ ਪਾਏ, ਫੇਰ ਸ਼ਬਦ ਵਿਚ ਸੁਰਤ ਜੋੜਕੇ ਬੈਠ ਗਈ, ਪਰ ਫੇਰ ਉਹੋ ਦਰਸ਼ਨ। ਘਬਰਾਕੇ ਉੱਠੀ ਤਦ ਦਸਮੇਸ਼ ਜੀ ਦੇ ਪਿਆਰੇ ਦਰਸ਼ਨ ਹੋਏ। ਧਾਕੇ ਚਰਨੀਂ ਪੈ ਗਈ :- "ਹੇ ਮਾਲਕ, ਹੇ ਸੁਆਮੀ, ਹੇ ਗੁਰੂ! ਅੱਜ ਕੀ ਕੌਤਕ ਵਰਤਾਇਆ ਜੇ? ਕੀ ਠੀਕ ਚਾਰੋਂ ਦੁਲਾਰੇ ਐਦਾਂ ਸ਼ਹੀਦ ਹੋ ਜਾਣਗੇ, ਅਰ ਮੈਂ ਮਮਤਾ ਭਰੀ ਮਾਂ ਵੇਖਣ ਵਾਸਤੇ ਪਾਸ ਹੋਵਾਂਗੀ?"

ਸ੍ਰੀ ਗੁਰੂ ਜੀ ਕੁਛ ਚੁਪ ਹੋਕੇ ਬੋਲੇ- "ਦੇਖ ਤੂੰ ਲਿਆ ਹੈ, ਕੁਦਰਤ ਵਿਚ ਇਹ ਹੋ ਚੁਕਾ ਹੈ, ਮਾਇਆ ਦੀ ਚਾਦਰ ਉਤੇ ਉਸਦਾ ਪਰਛਾਵਾਂ ਅਜੇ

ਨਹੀਂ ਪਿਆ, ਇਸ ਲਈ ਸਮੇਂ ਦੀ ਸਹਾਇਤਾ ਨਾਲ (ਕੁਝ ਚਿਰ ਨੂੰ) ਜਦ ਪਰਛਾਵਾਂ ਪਏਗਾ, ਸਥੂਲ ਨੇਤਰ ਭੀ ਇਸਨੂੰ ਵੇਖ ਲੈਣਗੇ।"

ਜੀਤੋ ਜੀ- ਪ੍ਰਾਣ ਨਾਥ! ਮੈਂ ਉਹ ਦਰਸ਼ਨ ਦੇਖਣ ਦਾ ਬਲ ਨਹੀਂ ਰੱਖਦੀ।

ਸ੍ਰੀ ਗੁਰੂ ਜੀ- ਬਲ ਤਾਂ ਬਥੇਰਾ ਹੈ, ਪਰ ਇਹ ਦਰਸ਼ਨ ਜੋ ਡਿੱਠਾ ਹੈ, ਇਹ ਉਸ ਆਵਣ ਵਾਲੇ ਦਰਸ਼ਨ ਤੋਂ ਘਬਰਾਉਣ ਲਈ ਨਹੀਂ ਹੈ, ਪਰ ਉਸ ਲਈ ਤਿਆਰ ਹੋਣ ਲਈ ਹੈ, ਸ਼ੁਕਰ ਕਰੋ ਅਰੰ ਸਿਦਕ ਦਾਨ ਮੰਗੋ ਤੇ ਤਿਆਰ ਹੋਵੋ।

ਜੀਤੋ ਜੀ- ਪ੍ਰਾਣ ਨਾਥ ਜੀ! ਆਪ ਦੀ ਆਗਿਆ ਸੱਤ ਹੈ; ਸਦਾ ਸੱਤ ਹੈ, ਜੋ ਦਿਖਾਓ ਦੇਖਣਾ ਤੇ ਦੇਖਣ ਦੇ ਬਲ ਦੀ ਮੰਗ ਵੀ ਆਪ ਤੋਂ ਕਰਨੀ ਹੈ। ਪਰ ਜੇ ਭੁੱਲ ਬਖਸ਼ੀ ਜਾਵੇ ਤਦ ਇਹ ਅਰਜ਼ੋਈ ਹੈ ਕਿ ਉਹ ਦਰਸ਼ਨ ਕਿਵੇਂ ਇਹਨਾਂ ਮਾਇਕ ਨੇਤਰਾਂ ਨੂੰ ਨਾ ਵੇਖਣੇ ਪੈਣ।

ਇਹ ਸੁਣਕੇ ਸ੍ਰੀ ਗੁਰੂ ਜੀ ਅੰਤਰ ਧਿਆਨ ਹੋ ਗਏ, ਦੋ ਘੜੀਆਂ ਮਗਰੋਂ ਫੇਰ ਤੱਕੇ ਤੇ ਬੋਲੇ "**ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ।**" (ਤਿਲਾ:ਮ:੧-੪) ਵਾਹਿਗੁਰੂ ਦੀ ਪਿਆਰੀ! ਤੇਰੇ ਲਈ ਹੋਰ ਪ੍ਰਬੰਧ ਹੋ ਰਿਹਾ ਹੈ। ਭਾਣੇ ਤੇ ਸ਼ਾਕਰ ਰਹੋ ਤੇ ਮੰਗੋ ਕੁਛ ਨਾ, ਚੜ੍ਹੋ ਸਿਦਕ ਦੀ ਬੇੜੀ, ਦੇਖੋ ਭਰੋਸੇ ਦੇ ਚਪੂ ਕੀ ਕਰ ਰਹੇ ਹਨ! ਰਜ਼ਾ ਨਾਲ ਮਰਜ਼ੀ ਮੇਲਕੇ ਇਕ ਸੂਰ ਹੋ ਜਾਓ। ਸਾਂਈਂ ਨੂੰ ਭਾਇਆ ਹੈ, ਕਿ ਤੁਸੀਂ ਉਹ ਦਰਸ਼ਨ ਨਾ ਦੇਖੋ!

ਜੀਤੋ- ਸੱਤ ਬਚਨ।

ਅਭਿਆਸ ਵਾਲੀ ਮਾਤਾ ਜੀਤੋ, ਜੋ ਜੋਗ ਦੇ ਬੀ ਜਾਣੂ ਸੇ, ਵਿਚਾਰ ਵਾਲੇ ਮਨ ਤੋਂ ਉਠਕੇ ਨਿਸ਼ਚੇ ਦੇ ਪਦ ਤੇ ਜਾ ਖੜੋਤੇ। ਹਾਂ, ਮਾਤਾ ਕੀ ਦੇਖਦੀ ਹੈ ਕਿ ਮੇਰੇ ਸਰੀਰ ਦਾ ਚਲਾਣਾ ਤਾਂ ਅਤਿ ਨੇੜੇ ਆ ਰਿਹਾ ਹੈ। ਨੇਤਰ ਖੋਲ੍ਹ ਕੇ ਭੌਰੇ ਦੀ ਤਰ੍ਹਾਂ ਚਰਨ ਕਮਲਾਂ ਨੂੰ ਲਿਪਟ ਗਈ। ਚਿਹਰੇ ਤੇ ਖੁਸ਼ੀ, ਸ਼ੁਕਰ ਤੇ ਰਜ਼ਾ ਮੰਨਣ ਦੀ ਸ਼ਾਂਤਿ ਵਰਤ ਗਈ। ਤੇ ਬੇਨਤੀ ਨਿਕਲੀ:- "ਪ੍ਰਾਣ ਨਾਥ! ਆਪ ਆਤਮ ਮੈਂ ਜੜ੍ਹ ਮਾਇਆ ਰੂਪ, ਆਪ ਦੀ ਚੇਰੀ, ਦਾਸੀ ਏਹ ਆਪਦੀ ਵਡਿਆਈ ਸੀ, ਜੋ ਲੜ ਲਾਇਆ ਤੇ ਤੋੜ ਨਿਭਾਇਆ। ਹੁਣ ਐਸਾ ਦਾਨ ਕਰੋ ਕਿ ਬਾਕੀ ਦੇ ਸਵਾਸ ਅਖੰਡਾਕਾਰ ਨਾਮ ਦੀ ਲਿਵ ਵਿਚ ਤੇਲ ਦੀ ਧਾਰ ਵਾਂਙੂ ਲੰਘਣ"। ਸ੍ਰੀ ਗੁਰੂ ਜੀ, ਜਿਨ੍ਹਾਂ ਦੇ ਨਿਸ਼ਚੇ ਵਿਚ "**ਨਹ ਕਿਛੁ ਜਨਮੈ ਨਹ ਕਿਛੁ ਮਰੈ।। ਆਪਨ ਚਲਿਤੁ ਆਪ ਹੀ ਕਰੈ।।**" (ਗਉ:ਮ:੫-ਅਸਟ-੧੪)


www.sikhbookclub.com

ਦਾ ਪ੍ਰਕਾਸ਼ ਹੈ, ਕਹਿੰਦੇ ਹਨ "ਪਿਆਰੀ! ਵਾਹਿਗੁਰੂ ਸੁਆਰੀ! ਤੇਰੀ ਸਿੱਖੀ ਨਿਭ ਗਈ, ਵਾਸਾ ਵਾਹਿਗੁਰੂ ਵਿਚ ਹੋ ਗਿਆ, ਪਿਆਰੇ ਪਿਤਾ ਦੀ ਗੋਦ, ਭੈ, ਪ੍ਰੇਮ ਭਗਤੀ ਨਾਲ ਅਫੁਰ ਹੋਕੇ ਸਮਾਉਣਾ।" ਇਹ ਕਹਿ ਕੇ ਸਿਦਕ ਦਾਨ ਬਖਸ਼ਿਆ।

ਇਸ ਗੁਪਤ ਵਾਰਤਾ ਤੋਂ ਕੁਛ ਦਿਨ ਬਾਦ ਮਾਤਾ ਜੀ ਬੈਠੇ ਬੈਠੇ ਕੁਛ ਉਦਾਸੀਨ ਜਿਹੇ ਦਿੱਸੇ। ਪਿਆਰੀ ਮਾਈ ਸਭਰਾਈ ਇਕਲੌਤੀ ਬੇਟੀ ਦੇ ਪਾਸ ਬੈਠੀ ਬਲਾਵਾਂ ਲੈ ਰਹੀ ਹੈ, ਬਾਣੀ ਪੜ੍ਹ ਰਹੀ ਹੈ ਤੇ ਪ੍ਰਾਰਥਨਾ ਕਰ ਰਹੀ ਹੈ, ਪਰ ਧੀ ਦੀ ਪਿਆਰੀ ਮੂਰਤ ਵਿਚੋਂ ਬਲ ਘਟਦਾ ਜਾ ਰਿਹਾ ਹੈ। ਗੁਰੂ ਸਾਹਿਬ ਤੇ ਸਾਹਿਬਜ਼ਾਦੇ ਸਾਰਾ ਪਰਿਵਾਰ ਰਾਤ ਭਰ ਪਾਸ ਬੈਠੇ ਰਹੇ ਹਨ। ਕੋਈ ਰੋਗ ਨਹੀਂ ਹੈ, ਪਰ ਅੰਦਰਲੀ ਬਾਹਰਲੀ ਸੱਤਯਾ ਕੁਛ ਹੋਰ ਰੰਗ ਧ਼ਾਰ ਰਹੀ ਹੈ। ਅੰਮ੍ਰਿਤ ਵੇਲਾ ਹੋ ਗਿਆ, ਮਾਤਾ ਜੀ ਦੀ ਸਮਾਧੀ ਲਗ ਗਈ, ਸਮਾਧੀ ਵਿਚ ਸੁਰਤਿ ਕੀ ਕਰਨ ਲਗੀ, **"ਸੁਰਤੀ ਸੁਰਤਿ ਰਲਾਈਐ ਏਤੁ"** (ਰਾਮ:ਮ:੧-੭) ਸੁਰਤੇ ਵਿਚ ਸੁਰਤ ਜਾ ਰਲੀ। ਪਿਆਰੇ ਦੀਨ ਰੱਖਯ਼ਕ, ਦੁਲਾਰਿਆਂ ਦੀ ਮਾਤਾ ਸੰਸਾਰ ਯਾਤ੍ਰਾ ਸੰਪੂਰਣ ਕਰ ਗਈ।

ਸਭਰਾਈ ਲਈ ਅੱਜ ਦੂਸਰਾ ਦਿਨ ਚੜ੍ਹਿਆ ਜਦ ਫੇਰ ਸੰਸਾਰ, ਚੱਕਰ ਖਾਕੇ, ਅੱਖਾਂ ਵਿਚੋਂ ਉੱਡ ਗਿਆ। ਇਕ ਸ਼ੂਨਤਾ ਦਿੱਸੀ, ਵੈਰਾਗ ਤੇ ਭਰੋਸਾ, ਵਿਛੋੜੇ ਤੇ ਸਿਦਕ ਜੱਫੀਆਂ ਪਾਕੇ ਇਕ ਮਿੱਕ ਹੋ ਗਏ। ਸ਼ੁਕਰ ਹੈ, ਪਰ ਰੋਣਾ ਹੈ। ਭਾਣਾ ਪਿਆਰਾ ਹੈ। ਪਰ ਉਦਾਸੀ ਹੈ। ਸਿਦਕ ਹੈ, ਪਰ ਹੰਝੂ ਨਹੀਂ ਸੁਕਦੇ। ਹੰਝੂ ਸੁਕਦੇ ਹਨ ਪਰ ਪ੍ਰਾਰਥਨਾ ਵਿਚ ਜੁੜ ਗਿਆਂ ਝਲਕਾ ਵਜਦਾ ਹੈ ਆਤਮਾ ਦੇ ਅਮਰ ਹੋਣ ਦਾ। ਸੁਰਤ ਦੇ ਏਕਾਗਰ ਹੋ ਗਿਆਂ ਦੁਨੀਆਂ ਤਾਂ ਸੁੰਞੀ ਦਿਸਦੀ ਹੈ ਪਰ ਆਤਮਾ ਨਾਲ ਭਰਪੂਰ ਦਿੱਸਦੀ ਹੈ। ਜਹਾਨ ਫਨਾਹ ਦਿੱਸਦਾ ਹੈ, ਪਰ ਵਾਹਿਗੁਰੂ ਦੀ ਜੋਤਿ ਦੀ ਅਖੰਡਾਕਾਰ ਲੱਖਤਾ ਬੀ ਪਈ ਹੁੰਦੀ ਹੈ।

ਸ਼ਬਦ ਕੀਰਤਨ, ਸਾਰੇ ਦੈਵੀ ਸਾਮਾਨ ਹੋਏ! ਮਾਤਾ ਜੀਤੋ ਜੀ ਦਾ ਸੰਸਕਾਰ ਇਸ ਪ੍ਰਿਥਵੀ ਮੰਡਲ ਤੇ ਅਦੁਤੀ ਬੀਰਾਂ ਸਾਹਿਬਜ਼ਾਦਿਆਂ ਨੇ ਤ੍ਰਿਲੋਕੀ ਦੇ ਨਾਥ ਦਸਮੇਸ਼ ਜੀ ਦੀ ਆਗਿਆ ਵਿਚ ਕੀਤਾ। ਮਾਤਾ ਭਾਗਾਂ ਵਾਲੀ ਹੋ ਗਈ। ਸੁਹਾਗਵੰਤੀ, ਪੁੱਤਰ ਵੰਤੀ, ਸ਼ੀਲ ਵੰਤੀ, ਸੰਤੋਖ ਵੰਤੀ ਤੇ ਸਿਦਕ ਵੰਤੀ ਵਾਹਿਗੁਰੂ ਦੇ ਚਰਨਾਂ ਵਿਚ ਸਮਾ ਗਈ। ਕੀਰਤਨ ਸੋਹਲੇ ਦੇ ਪਾਠ ਤੇ ਅਰਦਾਸੇ ਹੋ ਗਏ। ਲੋਕ ਘਰੋ ਘਰੀ ਪਹੁੰਚ ਗਏ। ਰਾਤ ਆ ਗਈ, ਆਹ ਦੂਜੀ ਰਾਤ

ਆ ਗਈ, ਜਿਸ ਵਰਗੀ ਜ਼ਿੰਦਗੀ ਵਿਚ ਇਕ ਅਗੇ ਡਿੱਠੀ ਸੀ। ਸਭ ਸੌਂ ਗਏ, ਗੁਰੂ ਜੀ ਭੀ ਆਪਣੇ ਆਸਨ ਬਿਰਾਜੇ, ਸਾਹਿਬਜ਼ਾਦੇ ਵੀ ਬਿਰਾਜ ਗਏ। ਆਪਣੇ ਟਿਕਾਣੇ ਵਾਲੇ ਥਾਂ ਇਕੱਲੀ ਮਾਈ ਪਈ ਇਸ ਦੂਸਰੀ ਰਾਤ ਦੇ ਕੌਤਕ ਦੇਖ ਰਹੀ ਹੈ। ਜਿਸ ਤਰ੍ਹਾਂ ਦੀ ਰਾਤ ਤੋਂ ਉਪ੍ਰਾਮ ਹੋਕੇ ਘਰ ਛੱਡਕੇ ਏਥੇ ਆਈ ਸੀ, ਉਸੇ ਤਰ੍ਹਾਂ ਦੀ ਰਾਤ ਏਥੇ ਆਕੇ ਫੇਰ ਆਈ। ਹੁਕਮ, ਏਹ ਮਾਲਕ ਦਾ ਹੁਕਮ ਹੈ, ਜਿਸ ਨਾਲ ਆਪਣੀ ਮਰਜ਼ੀ ਦੀ ਤਾਰ ਦੀ ਸੂਰ ਮੇਲਣੀ ਹੈ।

ਮਾਈ ਦਾ ਹਿਰਦਾ, ਜੋ ਪ੍ਰਮਾਰਥ ਦੇ ਰਸਤੇ ਦਾ ਪੁਰਾਣਾ ਤੁਰਾਊ ਹੈ, ਕੀਹ ਵੇਖਦਾ ਹੈ ਕਿ ਅੱਗੇ ਤਾਂ ਵਿਧਵਾ ਹੋਈ ਸਾਂ, ਪਰ ਅੱਜ ਧੀ ਵਿਹੂਣੀ ਹੋ ਗਈ ਹਾਂ! ਜਦ ਇਹ ਖਿਆਲ ਅੱਖਾਂ ਅੱਗੇ ਆਉਂਦਾ ਹੈ ਤਦ ਅੰਦਰੋਂ ਪਰਮਾਰਥ ਦੀ ਸਾਧਨਾ ਸਹਾਈ ਹੋ ਖੜੋਂਦੀ ਹੈ ਤੇ ਆਖਦੀ ਹੈ : ਮਨਾ! ਏਹ ਨਾਸ਼ੁਕਰੀ ਦੇ ਦੂਤ ਆਏ ਹਨ। ਦੂਰ ਕਰ ਇਨ੍ਹਾਂ ਨੂੰ ਜੇ ਸਾਬਤ ਲੰਘਣਾ ਹਈ ਇਸ ਵੇਲੇ ਤਾਂ। ਦੁਨੀਆਂ ਦੇ ਸੰਬੰਧ-ਕਿਆ ਪਤੀ ਤੇ ਕਿਆ ਧੀ-ਆਖਰ ਵਿਛੁੜਨੇ ਸੀ, ਮੈਂ ਮਰਦੀ ਚਾਹੇ ਓਹ ਤੁਰਦੇ। ਪਰ ਵਾਹਿਗੁਰੂ ਦਾ ਸੰਬੰਧ ਆਦਿ ਜੁਗਾਦਿ ਤੋਂ ਹੈ, ਜੋ ਅੰਤ ਪ੍ਰਯੰਤ ਟੁੱਟਣ ਵਾਲਾ ਨਹੀਂ ਹੈ, ਸੋ ਉਸ ਨਾਲੋਂ ਨਾ ਟੁੱਟੇ। ਇਹ ਜੋ ਕੁਝ ਹੋਇਆ ਹੈ ਸੋ ਭਾਣਾ ਹੈ, ਉਸ ਪਿਆਰੇ ਦਾ ਅਰ ਸਿਰ ਨਿਹੁੜਾਕੇ ਝੱਲਣਾ ਹੈ। ਝੱਲ, ਹੇ ਮੇਰੇ ਆਤਮਰਾਮ ਇਸਨੂੰ ਝੱਲ! ਝੱਲਣ ਦੇਹ ਮੇਰੇ ਮਨੀ ਰਾਮ! ਮੈਨੂੰ ਪਿਆਰੇ ਦਾ ਭਾਣਾ ਮਿੱਠਾ ਕਰਕੇ। ਤੂੰ ਪੁਠੀਆਂ ਦਿਖਾਲੀਆਂ ਨਾ ਦੇਹ, ਮੇਰੀ ਧੀ ਮਰੀ ਨਹੀਂ, ਸੱਚਖੰਡ ਗਈ ਹੈ। ਗੁਰਮੁਖ ਕਦੇ ਮਰਦੇ ਹਨ? ਗੁਰਮੁਖ ਤਾਂ ਆਪਣੇ ਘਰ ਜਾਂਦੇ ਹਨ। ਕੇਹੀ ਚੰਗੀ ਧੀ ਸੀ, ਸੁਲੱਖਣੀ ਧੀ ਸੀ-'ਸੀ' ਨਹੀਂ ਪਰ 'ਹੈ', ਧੀ ਸੁਲੱਖਣੀ ਹੈ ਜਿਸ ਦੀ ਤਫ਼ੈਲ ਗੁਰੂ ਨਾਲ ਸਾਕ ਹੋਇਆ, ਸ਼ਰਧਾ ਹੋਈ ਤੇ ਕਲਿਆਨ ਦਾ ਰਾਹ ਖੁਲ੍ਹਾ। ਸੱਚ ਮੁਚ ਸ਼ੁਕਰ ਕਰਨ ਅਰ ਖੁਸ਼ ਹੋਣ ਦੀ ਥਾਂ ਹੈ।

ਇਉਂ ਸੋਚਦੀ ਦੇ ਅੱਗੇ ਨਾ-ਉਮੈਦੀ ਇਕ ਹਵਾਈ ਚੱਕਰ ਫੇਰਕੇ ਆਖਦੀ ਹੈ: ਵਾਹ ਤੇਰੇ ਰੰਗ! ਨਾ ਸਹੁਰਿਓਂ ਨ ਪੇਕਿਓਂ ਸਭ ਤੁਰ ਗਏ। ਮੈਂ ਗੁਲਾਬ ਦੀ ਇਕ ਡੋਡਰ ਕਟੀਲ ਡਾਲੀ ਪਤਝੜੀ ਰੁੱਤ ਵਿਚ ਇਕੱਲੀ ਖੜੀ ਹਾਂ, ਸੁੰਵੀ। ਵਾਹਵਾਹ! ਐਦਾਂ ਸਭ ਨੇ ਤੁਰਨਾ ਸੀ? ਕੌਣ ਜਾਣਦਾ ਸੀ? ਕਦੇ ਪੰਘੂੜੇ ਵਿਚ ਝੂਟਦੀ ਤੇ ਲੋਰੀਆਂ ਲੈਂਦੀ ਸਾਂ। ਕਦੇ ਖਿੱਦੂ ਖੇਡਦੀ ਤੇ ਗੀਟੇ ਉਲਾਰਦੀ ਸਾਂ। ਕਦੇ ਤੇਲ ਚੜ੍ਹਦਾ ਤੇ ਲਾਵਾਂ ਲੈ ਰਹੀ ਸਾਂ। ਕਦੇ ਡੋਲੇ

ਚੜ੍ਹੀ ਸਾਂ। ਆਹਾ! ਕਦੇ ਸੱਸ ਨੇ ਆਕੇ ਡੋਲਿਓਂ ਚੱਕ ਲਿਆ, ਮੇਰੀ ਤਲੀ ਨਾ ਭੋਇ ਨਾਲ ਲੱਗ ਜਾਵੇ; ਪਾਣੀ ਵਾਰ ਵਾਰਕੇ ਪੀਤੇ, ਤੇਲ ਚੋਏ, ਤਦ ਮੈਂ ਦਲ੍ਹੀਜਾਂ ਲੰਘੀ। ਦੰਮਾਂ ਬੋਰੀ ਹੱਥ ਪਏ ਤਦ ਸਹੁਰੇ ਦੀ ਗੁਥੀ ਛੁੱਟੀ ਸੀ। ਤਿਲ ਭੱਲਿਆਂ ਦੀ ਖੇਡ ਨੂੰ ਲੋਕੀਂ ਝੁਕ ਝੁਕ ਕੇ ਵੇਖਦੇ ਸੀ। ਪੀੜ੍ਹੇ ਮੇਰੇ ਬੈਠਣ ਨੂੰ ਉਡੀਕਦੇ ਸਨ। ਪੱਖੀਆਂ ਮੇਰੇ ਹੱਥੀਂ ਫੜੀਨ ਨੂੰ ਤਰਸਦੀਆਂ ਸਨ। ਕਨਾਰੀਆਂ ਗੋਟੇ ਮੇਰੇ ਅੰਗ ਲੱਗ ਕੇ ਤਾਰ ਤਾਰ ਹੋਕੇ ਸਦਕੇ ਹੋਣ ਨੂੰ ਮੇਰੇ ਕਪੜਿਆਂ ਨੂੰ ਚੰਬੜੇ ਸੇ। ਗਹਿਣੇ ਮੇਰੇ ਅੰਗਾਂ ਨੂੰ ਲੱਗ ਲੱਗਕੇ ਫਬਦੇ ਸੇ। ਚਾਰ ਚੁਫੇਰੇ ਹੱਥੀਂ ਛਾਵਾਂ ਸਨ। ਮੈਂ ਰਾਣੀ ਸਾਂ ਤੇ ਸਾਰੇ ਮੇਰੇ ਦਰਸ਼ਨਾਂ ਦੇ ਤਿਹਾਏ ਸਨ। ਉਹ ਸਮਾਂ ਉਹ ਪਿਆਰਾ ਸਮਾਂ ਕਿੱਧਰ ਗਿਆ? ਬੀਤ ਗਿਆ। ਛਲੀਆ ਸਮਾਂ ਸਦਾ ਤਿਲਕਦਾ ਹੈ। ਸਮਾਂ ਸੁੱਖਾਂ ਦੀ ਸਫ਼ ਵਲ੍ਹੇਟਣ ਵਾਲਾ ਨਿਰਦਈ ਫ਼ੱਰਾਸ਼ ਹੈ।....ਹੈਂ, ਸਭ ਕੁਛ ਸੁਪਨਾ ਹੋ ਗਿਆ; ਵਾਹ, ਕੋਈ ਸੱਚ ਕਹਿੰਦਾ ਹੁੰਦਾ ਸੀ-

"ਇਕ ਦਿਨ ਸੁਪਨਾ ਹੋਵਣਾ ਸਾਨੂੰ ਬਾਬਲ ਸੰਦਾ ਵਿਹੜਾ"

ਇਹ ਗੌਣ ਤਾਂ ਗਾਵੇਂ ਪਰ ਤਦੋਂ ਇਹ ਕੌਣ ਜਾਣਦਾ ਸੀ ਕਿ :

'ਸਹੁਰਾ ਭੀ ਹੈ ਸੁਪਨਾ ਹੋਣਾ ਆ ਮੱਲਿਆ ਹੁਣ ਜਿਹੜਾ।'

ਸਭ ਹੀ ਸੁਪਨਾ ਹੈ। ਪਰ ਹੁਣ ਕੀਹ ਇਹ ਭੀ ਸੁਪਨਾ ਨਹੀਂ ਜੋ ਹੁਣ ਬੀਤ ਰਿਹਾ ਹੈ? ਉਹ ਹੋ! ਸੁਖ ਨਹੀਂ ਰਹੇ ਤਦ ਦੁਖ ਕਦ ਰਹਿਣ ਲੱਗੇ ਹਨ। ਉਹ ! ਮੇਰੇ ਮਨ! ਤੂੰ ਫੇਰ ਕਿਧਰ ਚਲਾ ਗਿਆ ਸੈਂ? ਹੈਂ, ਫਿਰ ਪਰਤ ਪਿਆ ਹੈਂ ਭਲੇ ਪਾਸੇ, ਪਰਤ ਮੇਰੇ ਮਨਾਂ! ਇਹ ਰਜ਼ਾ ਹੈ। ਨਾ ਦੁਖ ਹੈ ਨਾ ਸੁਖ ਹੈ। ਪਿਆਰੇ ਦਾ ਖੇਲ ਤਮਾਸ਼ਾ ਹੈ। ਉਹ ਭੀ ਡਿੱਠਾ ਤੇ ਇਹ ਭੀ ਡਿੱਠਾ। ਜੋ ਡਿੱਠਾ ਲੰਘ ਗਿਆ। ਕੌੜਾ ਮਿੱਠਾ ਸਭ ਲੰਘ ਗਿਆ। ਹੁਣ ਕੀ ਹੈ? ਬੀਤੇ ਦੀ ਯਾਦ, ਸੁਖਾਂ ਦੇ ਹਾਵੇ ਤੇ ਦੁਖਾਂ ਦੀਆਂ ਕਸਕਾਂ। ਜੇ ਤੂੰ ਵਰਤਮਾਨ ਵਿਚ ਵਰਤੇਂ ਤੇ ਬੀਤ ਗਏ ਦੇ ਹਾਵੇ ਤੇ ਰੋਣੇ ਛਡ ਦੇਵੇਂ ਤਾਂ ਤੂੰ ਨਾਮ ਵਿਚ ਵਸੇਂ। ਗੁਰਵਾਕ ਯਾਦ ਕਰ **"ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ।।"** (ਸੋਰ:ਵਾਰ-੧੧) ਫੇਰ ਦੇਖ ਤੂੰ ਸੁਖੀ ਹੈਂ, ਤੂ ਹੈਂ ਤੇ ਨਾਮ। ਨਾਮ ਹੈ ਤੇ ਤੇਰੀ ਸੁਰਤ ਦੀ ਇਸ ਨਾਲ ਲਪੇਟ।... ਹਾਇ ਇਸ ਮਨ ਨੇ ਮੈਨੂੰ ਕਿੰਨੀ ਵੇਰ ਠੇਡੇ ਲਾਏ ਹਨ। ਸੱਚ ਹੈ, ਪਰਬਤਾਂ ਦੇ ਰਸਤੇ ਡੂੰਘੀਆਂ ਖਾਈਆਂ ਤੇ ਔਖੀਆਂ ਗਲੀਆਂ ਥਾਣੀਂ ਲੰਘਦੇ ਹਨ। ਕੌਣ ਕਦੇ

ਸ਼ਿਖਰ ਚੜ੍ਹਿਆ ਹੈ ਜਿਨ੍ਹੇਂ ਘਾਟੀਆਂ ਵਿਚ ਉਤਰਨ ਤੋਂ ਜੀ ਚੁਰਾਇਆ ਹੈ? ਦੇਖੋ ਦੇਖੋ ਮੈਂ ਕਿੰਨਾਂ ਜ਼ੋਰ ਲਾ ਰਹੀ ਹਾਂ ਕਿ ਰਜ਼ਾ ਤੇ ਖਲੋਵਾਂ, ਪਰ ਫੇਰ ਖਿਆਲ ਦੂਜੇ ਪਾਸੇ ਜਾਂਦਾ ਹੈ। ਅਸਲ ਵਿਚ ਭੁੱਲ ਹੈ ਮੇਰੀ। ਇਹ ਵਿਉਂਤ ਨਹੀਂ। ਛੜੀ ਵੀਚਾਰ ਕੀਹ ਕਰ ਸਕਦੀ ਹੈ? ਮੈਂ ਵੀਚਾਰ ਨਾਲ ਤਾਂ ਮਨ ਨੂੰ ਵਰਤਮਾਨ ਵਿਚ ਲੈ ਆਵਾਂ ਤੇ ਆਪਣੀ ਨਾਮ ਦੀ ਕਾਰ ਵਿਚ ਲਗ ਪਵਾਂ ਹੁਣੇ, ਕਾਰ ਵਿਚ ਲੱਗਾਂ ਤਾਂ ਨੀਵਿਆਂ ਲੈ ਜਾਣ ਵਾਲੀਆਂ ਸੋਚਾਂ ਤੇ ਵੀਚਾਰਾਂ ਭੀ ਮੋੜਾ ਖਾ ਜਾਣ।

ਮਾਈ ਇਹ ਕਹਿਕੇ ਨਾਮ ਜਪਣ ਵੱਲ ਲੱਗ ਪਈ। ਥੋੜੇ ਚਿਰ ਵਿਚ ਨੀਂਦ ਆਕੇ ਖੁਲ੍ਹੀ। ਅੰਦਰੋਂ ਕਿਸੇ ਤਾਕਤ ਨੇ ਵਗਾਹਕੇ ਮਾਰਿਆ, ਅਰ ਬੇਖਬਰੇ ਮਨ ਵਹਿਣਾਂ ਵਿਚ ਜਾ ਪਿਆ:- "ਪਤਾ ਨਾ ਲੱਗਾ ਮੇਰੀ ਜੀਤ ਨੂੰ ਕੀਹ ਰੋਗ ਸੀ, ਕਿਸੇ ਵੈਦ ਨੂੰ ਨਾ ਦੱਸਿਆ, ਕੋਈ ਓਹੜ ਪੋਹੜ ਨਾ ਕੀਤਾ, ਪਰ ਕਰਦੇ ਭੀ ਕੀ? ਤੱਤ ਫੱਟ ਤਾਂ ਤੁਰ ਗਈ, ਨਾ ਦੁਖ ਨਾ ਪੀੜ, ਕੰਨ ਭੀ ਨਾ ਤੱਤਾ ਹੋਇਆ!.... ਹੈਂ! ਓਹ ਹੋ! ਮੈਂ ਕਿੱਥੇ ਚਲੀ ਗਈ? ਸ੍ਰੀ ਵਾਹਿਗੁਰੂ ਸ੍ਰੀ ਵਾਹਿਗੁਰੂ! ਬਖਸ਼! ....ਤੇਰੀ ਰਜ਼ਾ! ਅੱਜ ਮੇਰੀ ਸੁਰਤ ਬਹੁਤ ਹੇਠ ਉਤਰ ਆਈ ਹੈ, ਨਾਮ ਵਿਚ ਨਹੀਂ ਟਿਕਦੀ। ਹੱਛਾ ਹੁਣ ਬਾਣੀ ਦਾ ਡੱਗਾ ਲਾਓ।" ਇਉਂ ਕਹਿਕੇ ਚੁਪ ਚਾਪ ਜਪੁ ਸਾਹਿਬ ਦਾ ਪਾਠ ਕਰਨ ਲੱਗ ਪਈ। ਜਦ ਇਹ ਤੁਕ ਆਈ "**ਜਿਸ ਨੋ ਬਖਸੇ ਸਿਫਤਿ ਸਾਲਾਹ।। ਨਾਨਕ ਪਾਤਿਸਾਹੀ ਪਾਤਿਸਾਹੁ।**" (੨੫) ਤਦ ਹੋਸ਼ ਆਈ ਪਾਠ ਦੇ ਵਲ ਧਿਆਨ ਦੇਣ ਦੀ। ਤ੍ਰਬ੍ਹਕਕੇ ਕਹਿਣ ਲੱਗੀ, "ਮੈਂ ਕਿੱਥੇ ਚਲੀ ਗਈ ਸਾਂ? ਪਾਠ ਐਨਾ ਮੁੱਕ ਗਿਆ, ਪਰ ਮੈਂ ਤਾਂ ਸੋਚ ਰਹੀ ਸਾਂ ਕਿ ਹੁਣ ਮੇਰਾ ਨਿਰਬਾਹ ਕਿਵੇਂ ਤੇ ਕਿਸ ਤਰ੍ਹਾਂ ਹੋਊ? ਮਨ, ਹੇ ਮਨ! ਚੰਚਲ ਚੋਰ! ਤੂੰ ਬੜਾ ਦੁੱਖ ਦੇਣਾ ਹੈਂ। ....ਬਖਸ਼ੋ ਗੁਰੂ ਜੀ" ਇਹ ਕਹਿਕੇ ਫੇਰ ਪਾਠ ਵਿਚ ਹੋ ਤੁਰੀ। ਕੁਛਕੁ ਪਾਠ ਦੇ ਮਗਰੋਂ ਮਨ ਹੁਰੀਂ ਫੇਰ ਖਿਸਕ ਗਏ, ਤਦੇ ਪਤਾ ਲੱਗਾ ਜਦ '**ਕੇਤੀ ਛੁਟੀ ਨਾਲਿ**' ਕਿਹਾ ਗਿਆ। ਹੁਣ ਮਾਈ ਕਹਿਣ ਲੱਗੀ, "ਅਜੇ ਸੁਰਤ ਨੀਵੀਂ ਹੈ। ਹੱਛਾ ਹੁਣ ਗੱਜਕੇ ਜਪੁਜੀ ਸਾਹਿਬ ਦਾ ਪਾਠ ਕਰੀਏ"। ਹੁਣ ਲੱਗੀ ਉੱਚੀ ਪਾਠ ਕਰਨ। ਆਪਣੀ ਹੀ ਪਿਆਰੀ ਸੁਰ ਵਿਚ ਕੰਨ ਮਸਤ ਹੋ ਗਏ। ਭੋਗ ਪੈ ਗਿਆ। ਪਹਿਲਾਂ ਮਨ ਹੁਰੀਂ ਬਾਣੀ ਵਿਚ ਲੱਗੇ ਰਹੇ ਪਰ ਫ਼ੇਰ ਸੋਚੀਂ ਪੈ ਗਏ:- "ਹੋਇਆ ਸੋ ਹੋਇਆ ਚੰਗਾ ਹੋਇਆ, ਪਰ ਮੈਨੂੰ ਕਈ ਕਲੇਸ਼ ਝੱਲਣੇ ਪੈਣਗੇ"...ਫੇਰ ਹੋਸ਼ ਆਈ, ਹਾਹੁਕਾ ਭਰਕੇ ਕਹਿੰਦੀ ਹੈ : "ਹੱਛਾ ਮਨਾਂ

ਲੈ ਹੁਣ ਅਰਦਾਸਾ ਕਰੀਏ"। ਜਿਉਂ ਅਰਦਾਸੇ ਦੀ ਪੌੜੀ ਦਾ ਪਾਠ ਬਾਰ ਬਾਰ ਕਰਨ ਲਗੀ ਹੈ, ਅੱਧਾ ਘੰਟਾ ਲੰਘ ਗਿਆ। ਹੁਣ ਕੁਝ ਠੰਢ ਵਰਤੀ ਹੋਈ ਜਾਪੀ, ਕੁਛ ਟਿਕਾਉ ਭੀ ਆਇਆ। ਮਾਈ ਨੇ ਬੇਨਤੀ ਕੀਤੀ, ਸ਼ੁਕਰ ਆਖਿਆ, ਅੱਖਾਂ ਵਿਚ ਨੀਂਦ ਅਰ ਨੀਂਦ ਵਿਚ ਸੁਖ ਭਾਸਿਆ। ਫਿਰ ਮਾਈ ਸੌਂ ਗਈ, ਪਰ ਅੱਧੀ ਘੜੀ ਬਾਦ ਜਾਗ ਖੁਲ੍ਹ ਗਈ। ਨੇਤ੍ਰਾਂ ਤੋਂ ਨੀਰ ਜਾਰੀ ਹੈ, ਰੋ ਰਹੀ ਹੈ, ਕੋਈ ਵੀਚਾਰ ਨਹੀਂ, ਕੋਈ ਸੋਚ ਨਹੀਂ ਹੈ, ਰੋ ਰਹੀ ਹੈ, ਨੈਣ ਵਹਿ ਰਹੇ ਹਨ। ਸੁੰਨਤਾ ਛਾ ਰਹੀ ਹੈ। 'ਧੰਨ ਤੂੰ ਹੈਂ, ਸ਼ੁਕਰ! ਬਖ਼ਸ਼' ਇਹ ਅਵਾਜ਼ ਨਿਕਲਕੇ ਸੁਰਤ ਅਡੋਲ ਹੋ ਗਈ, ਫੁਰਨੇ ਰੁਕ ਗਏ, ਨਾਮ ਦਾ ਪਰਵਾਹ ਚੱਲ ਪਿਆ। ਬੱਸ ਹੁਣ ਕੌਣ ਦੁਖੀ ਹੈ? ਹੁਣ ਦੁਖ ਕਿਸ ਨੂੰ ਹੈ? ਹੁਣ ਤਾਂ ਸੁਰਤ ਕਹਿ ਸਕਦੀ ਹੈ "**ਕਉਨੁ ਮੂਆ ਰੇ ਕਉਨੁ ਮੂਆ।। ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹ ਤਉ ਚਲਤੁ ਭਇਆ।।**" (ਰਾਮ:ਮ:੫-੧੦) ਸੁਰਤ ਸ਼ਬਦ ਦੇ ਸਿਮਰਨ ਵਿਚ ਨਿਮਗਨ ਚਲ ਰਹੀ ਹੈ। ਇਸ ਦਸ਼ਾ ਵਿਚੋਂ ਫੇਰ ਨੀਂਦ ਨੇ ਪਲਟਾ ਖਾ ਲਿਆ। ਮਾਈ ਸੌਂ ਗਈ, ਪਰ ਅੱਧੇ ਹੀ ਘੰਟੇ ਮਗਰੋਂ ਜਾਗ ਪਈ। ਇਹ ਨੀਂਦ ਕੋਈ 'ਸੁਭਾਗੀ ਨੀਂਦ' ਸੀ, ਮਾਈ ਕੀ ਦੇਖਦੀ ਹੈ ਕਿ ਸਰੀਰ ਹੌਲਾ ਫੁੱਲ ਹੈ, ਰੂਹ ਉੱਚੇ ਵੈਰਾਗ ਨਾਲ ਭਿੱਜੀ ਪਈ ਹੈ, ਨਿਰਬਲਤਾ ਪਰ ਸੁਖਾਵੀਂ ਨਿਰਬਲਤਾ ਵਿਚ ਸਰੀਰ ਪਸਰ ਪਿਆ ਹੈ। ਘੜਿਆਲ ਦੀ ਆਵਾਜ਼ ਆਈ, ਤ੍ਰਿਪਹਿਰਾ ਵੱਜ ਗਿਆ, ਮਾਈ ਕਹਿੰਦੀ ਹੈ :- "ਅੰਮ੍ਰਿਤ ਵੇਲਾ ਹੋ ਗਿਆ, ਉੱਠਾਂ, ਸ਼ਨਾਨ ਕਰਾਂ, ਪਤੀ ਜੀ ਨੂੰ ਕਰਾਵਾਂ ਤੇ ਸਤਿਸੰਗ ਨੂੰ ਚੱਲੀਏ। ਪਰ ਵਾਹ ਵਾਹ ਪਤੀ ਜੀ! ਤੁਸੀਂ ਤਾਂ ਸਤਿਸੰਗ ਨੂੰ ਐਉਂ ਗਏ ਜਿਸ ਤਰ੍ਹਾਂ ਲੂਣ ਦੀ ਪੁਤਲੀ ਸਮੁੰਦਰ ਦਾ ਇਸ਼ਨਾਨ ਕਰਨ ਜਾਵੇ। ਮੈਂ ਅਜੇ ਲੂਣ ਨਹੀਂ ਹੋਈ, ਮੈਂ ਰੋਜ਼ ਨ੍ਹਾਉਂਦੀ ਹਾਂ ਤੇ ਰੋਜ਼ ਬਾਹਰ ਆ ਜਾਂਦੀ ਹਾਂ।...ਪਿਆਰੀ ਜੀਤ! ਜਾਗ ਤ੍ਰਿਪਹਿਰਾ ਵੱਜ ਗਿਆ, ਮੈਂ ਨ੍ਹਾ ਧੋ ਆਈ ਹਾਂ, ਸ੍ਰੀ ਗੁਰੂ ਜੀ ਡੇਰੇ ਤੇ ਚਲੇ ਗਏ। ਪਿਆਰੀ! ਤੂੰ ਅਜ ਡੇਰ ਕਿਉਂ ਲਾਈ? ਜਾਗ ਪਿਆਰੀ ਚੱਲੀਏ।....ਪਰ ਹਾਂ ਪਿਆਰੀ! ਤੂੰ ਹੁਣ ਸਤਿਸੰਗ ਵਿਚ ਇਸ਼ਨਾਨੀਆਂ ਵਾਂਙੂ ਨਹੀਂ ਜਾਂਦੀ ਜੋ ਜਲ ਵਿਚ ਜਾਕੇ ਠੰਢਕਾਂ ਲੈਕੇ ਪਰਤ ਆਉਂਦੇ ਹਨ, ਤੂੰ ਤਾਂ ਸਤਿਸੰਗ ਵਿਚ ਐਉਂ ਗਈਓਂ ਜਿੱਕੂੰ ਜਲ ਤੋਂ ਵਿਛੁੜੀ ਮਛੁਲੀ ਜਲ ਵਿਚ ਜਾਕੇ ਪਿਛੇ ਨਹੀਂ ਪਰਤਦੀ। ਹਾ, ਹਾ, ਅੱਜ ਮੈਂ ਇਕੱਲੀ ਵੇ ਲੋਕੋ। ਅੱਜ ਮੈਂ ਇਕੱਲੀ ਹਾਂ, ਮੈਨੂੰ ਸਤਿਸੰਗ ਵਿਚ

ਕੌਣ ਲਿਜਾਏ? ਮਰਨਾ ਕੂੜ ਵੇ ਲੋਕੋ ਪਰ ਮਰਨਾ ਸੱਚ ਵੇ ਲੋਕੋ। ਧੀਰਜ ਕਰੋ ਪਰ ਮਰ ਗਿਆਂ ਦੇ ਵਿਗੋਚੇ ਆ ਹੀ ਜਾਂਦੇ ਹਨ। ਹੇ ਪਰਮਾਰਥ ਦੇ ਸਾਥੀਓ! ਤੋੜ ਤਾਂ ਨਿਬਾਹ ਜਾਂਦਿਓ ਜੇ। ਤੁਹਾਡੀ ਹੀ ਮਹਿਮਾਂ ਵਿਚ ਕਿਹਾ ਹੈ **"ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।। ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨਾ ਜਾਹੀ ਛੋੜਿ।।"** (ਮਾਰੂ:ਵਾਰ੨੨) ਫੇਰ ਤੁਸੀਂ ਮੈਨੂੰ ਕਿਉਂ ਛੱਡ ਗਏ? ਦੱਸੋ ਕਿਉਂ ਛੱਡ ਗਏ? ਦੇਖੋ ਹੁਣ ਮੈਂ ਇਕੱਲੀ ਹਾਂ, ਮੈਂ ਸਤਿਸੰਗ ਵਿਚ ਕਿੱਕੂੰ ਜਾਵਾਂ?.... ਹੈਂ? (ਤ੍ਰਬ੍ਹਕਕੇ)...ਹੈਂ ਸ੍ਰੀ ਵਾਹਿਗੁਰੂ! ਮੈਂ ਕਿੱਥੇ ਚਲੀ ਗਈ, ਪਿਆਰੇ ਸਦਾ ਅੰਗ ਸੰਗ ਹਨ। ਸਤਿਸੰਗ ਕਿਥੇ ਹੈ? ਜਿੱਥੇ ਮਨ ਵਿਚ ਨਾਮ ਹੈ। ਸੋ ਹੇ ਮਨ! ਉਲਟ, ਨਾਮ ਵਿਚ ਆ ਜਾ।" "ਆ ਜਾ" ਕਹਿੰਦੀ ਦੇ ਅੱਥਰੂ ਆਏ ਪਰ ਨੈਣਾਂ ਵਿਚ ਹੀ ਸੁੱਕ ਗਏ। ਸੁਰਤ ਇਕ ਕੜਾਕਾ ਖਾਕੇ ਚੜ੍ਹੀ, ਅਡੋਲ ਧੁਨਿ ਨਾਮ ਦੀ ਬੱਝ ਗਈ। ਹੁਣ ਪਿਆਰੇ ਸਤਿਗੁਰਾਂ ਦੇ ਦਰਸ਼ਨ ਹੋ ਰਹੇ ਹਨ। ਫਿਰ ਛੇਤੀ ਹੀ ਅੱਖ ਖੁੱਲ੍ਹ ਗਈ। ਆਵਾਜ਼ ਆ ਰਹੀ ਸੀ, ਛੋਟੇ ਸਾਹਿਬਜ਼ਾਦੇ ਖੜੇ ਕਹਿ ਰਹੇ ਸਨ : "ਪਿਆਰੀ ਅੰਮਾਂ ਜੀ! ਆਓ ਦਰਬਾਰ ਵਿਚ ਚੱਲੀਏ, ਅੱਜ ਹਰਦਿਆਲ ਸਿੰਘ ਜੀ ਰਾਗੀ ਆਏ ਹਨ, ਬਹੁਤ ਸੁਹਣਾ ਕੀਰਤਨ ਹੋਵੇਗਾ।"

ਇਹ ਪਿਆਰੀ, ਲਾਡਲੀ, ਤੋਤਲੀ ਤੇ ਦਾਨੀ ਅਵਾਜ਼ ਸੁਣਕੇ ਮਾਈ ਉੱਠੀ। ਬੱਚਿਆਂ ਨੂੰ ਗੋਦ ਵਿਚ ਲੈ ਲਿਆ, ਛਾਤੀ ਨਾਲ ਲਾਇਆ, ਪਿਆਰ ਕੀਤਾ, ਠੰਢ ਪੈ ਗਈ। ਅਜੇ ਮਾਈ ਨੂੰ ਤਨਕ ਆਸਰਾ ਦ੍ਰਿਸ਼ਟਮਾਨ ਦੇ ਪ੍ਰੇਮ ਦਾ ਲੋੜੀਂਦਾ ਸੀ। ਮਾਈ ਪਿਆਰਿਆਂ ਨੂੰ ਨਾਲ ਲੈਕੇ ਸਤਿਸੰਗ ਵਿਚ ਪਹੁੰਚੀ, ਸੁਰਤ ਬੱਚਿਆਂ ਦੇ ਪਿਆਰ ਦਾ ਸਥੂਲ ਆਸਰਾ ਲੈਕੇ, ਗੁਰੂ ਦਰਸ਼ਨ ਦਾ ਧਿਆਨ ਵਿਚ ਸੂਖਮ ਆਸਰਾ ਪਾਕੇ ਤੇ ਕੀਰਤਨ ਦਾ ਦਿਲ ਖਿੱਚਵਾਂ ਆਸਰਾ ਲੈਕੇ ਤ੍ਰੈ ਆਸਰਿਆਂ ਵਿਚ ਨਾਮ ਵਿਚ ਅਡੋਲ ਜੁੜ ਗਈ ਅਰ ਦਿਨ ਚੜ੍ਹੇ ਤਕ ਨਾਮ ਵਿਚ ਏਕਾਗਰ ਹੋਈ ਆਨੰਦ ਵਿਚ ਨਿਮਗਨ ਰਹੀ।

ਐਉਂ ਬੀਤੀ ਦੂਸਰੀ ਔਖੀ ਰਾਤ।

**[ਪ੍ਰਸ਼ਨ-ਮਾਈ ਬਹੁਤ ਤਕੜੀ ਸੀ, ਰਾਤ ਕਿੰਨੀ ਵੇਰ ਸੁਖ ਦੇ ਟਿਕਾਣੇ ਜਾ ਜਾਕੇ ਫੇਰ ਘਬਰਾ ਵਿਚ ਆਕੇ ਫੇਰ ਉੱਚੀ ਚੱੜ ਜਾਂਦੀ ਰਹੀ ਹੈ, ਪਰ ਅਖੀਰ ਬੱਚਿਆਂ ਦੇ ਪਯਾਰ ਦਾ ਆਸਰਾ ਪਾਕੇ ਨਾਮ ਵਿਚ ਅਡੋਲ ਹੋ ਗਈ, ਇਸਤਰਾਂ ਕਿਉਂ ਹੋਯਾ?**

ਉਤਰ-ਮਾਈ ਦੀ ਸੁਰਤ ਅਜੇ ਤਨਕ ਆਸਰਾ ਦ੍ਰਿਸ਼ਟਮਾਨ ਦੇ ਪ੍ਰੇਮ ਦਾ ਲੋੜਦੀ ਸੀ। ਜਿਸ ਦਾ ਇਹ ਭਾਵ ਹੈ ਕਿ ਮਾਈ ਅਜੇ ਆਪਣੇ ਅਭਜਾਸ ਵਿਚ ਉਸ ਟਿਕਾਣੇ ਨਹੀਂ ਸੀ ਅੱਪੜੀ ਕਿ ਜਿਥੇ ਕੇਵਲ ਆਤਮਾਂ ਹੀ ਆਤਮਾਂ ਦਾ ਆਸਰਾ ਹੁੰਦਾ ਹੈ ਤੇ ਜੀਵ ਸਰੀਰ ਹੁੰਦਿਆਂ ਉਸ ਅੰਦਰਲੇ ਆਸਰੇ ਨਾਲ ਸੁਖ ਵਿਚ ਰਹਿੰਦਾ ਹੈ। ਸਰੀਰਧਾਰੀ ਹੋਣ ਕਰਕੇ ਬੜੀ ਦੂਰ ਤਕ ਸਰੀਰਕ ਆਸਰਿਆਂ ਦੀ ਲੋੜ ਰਹਿੰਦੀ ਹੈ। ਇਸੇ ਕਰਕੇ ਗੁਰੂ ਜੀ ਨੇ ਗ੍ਰਿਹਸਤ ਨਹੀਂ ਛੁਡਵਾਯਾ। ਜੋ ਜਦ ਤਕ ਮਨ ਕੇਵਲ ਆਤਮ ਬਲ ਦੇ ਆਸਰੇ ਸੁਖੀ ਨਹੀਂ ਰਹਿਣ ਲਗ ਜਾਂਦਾ ਤਦ ਤਕ ਪਰਤ ਪਰਤਕੇ ਸੰਸਾਰਕ ਆਸਰਿਆਂ ਦੀ ਲੋੜ ਪੈ ਜਾਂਦੀ ਹੈ, ਤਦੋਂ ਫੇ ਰ ਅਤੀਤ ਅਭਜਾਸੀ ਬਹੁਤ ਘਬਰਾਉਂਦਾ ਹੈ। ਜੇ ਵਿਚੇ ਰਹੇ ਤਾਂ ਨਾਲ ਨਾਲ ਸੁਰਤ ਪਕਦੀ ਜਾਂਦੀ ਹੈ ਤੇ ਬੇਮਲੂੰਮ ਆਪਣੇ ਆਸਰੇ ਖੜੋਂਦੀ ਜਾਂਦੀ ਹੈ। ਇਸ ਦੂਸਰੀ ਰਾਤ ਵਿਚ ਮਾਈ ਪਹਿਲੇ ਸਦਮੇ ਵਾਲੇ ਸਮੇਂ ਤੋਂ ਉਚੇਰੀ ਹੋ ਗਈ ਹੈ, ਵਧੇਰੇ ਛੇਤੀ ਟਿਕਦੀ ਰਹੀ ਹੈ ਤੇ ਅੰਦਰਲੇ ਆਤਮ ਬਲ ਨੇ ਪਹਿਲੇ ਨਾਲੋਂ ਵਧੇਰੇ ਠੱਲਾ ਪਾ ਦਿੱਤਾ ਹੈ, ਪਰ ਅਜੇ ਹੋਰ ਪ੍ਰਪੱਕਤਾ ਦੀ ਲੋੜ ਹੈ।]

(ਬਾਬਾ ਨੌਧ ਸਿੰਘ ਵਿਚੋਂ, ਪੰਨਾ-੧੧੨)

# ਤੀਸਰੀ ਰਾਤ

ਮਾਈ ਕੁਛ ਚਿਰ ਆਨੰਦਪੁਰ ਰਹਿਕੇ ਆਪਣੇ ਘਰ ਫਿਰ ਆ ਗਈ। ਚਿੱਤ ਸਦਮਾ ਸਹਾਰਕੇ ਕੁਛ ਸਤੋਗੁਣ ਵਿਚ ਪੱਕਾ ਹੋ ਗਿਆ ਮਲੂਮ ਹੋਣ ਲੱਗਾ। ਮਾਈ ਰੋਣਾ ਨਹੀਂ ਸੀ ਚਾਹੁੰਦੀ ਤੇ ਹੁਣ ਘੱਟ ਹੀ ਕਦੇ ਅੱਥਰੂ ਆਉਂਦੇ ਸਨ। ਹਾਂ, ਅੱਜ ਕਲ ਭੀ ਕਈ ਲੋਕ ਨਹੀਂ ਰੋਂਦੇ, ਪਰ ਜਾਂ ਤਾਂ ਘੋਰ ਤਮੋਗੁਣ ਵਿਚ ਜਾਂ ਮਾਨ ਦੀ ਖ਼ਾਤਰ ਕਿ ਜੇ ਰੋਏ ਤਾਂ ਲੋਕੀ ਕੀ ਕਹਿਣਗੇ, ਪਰ ਮਾਈ ਦਾ ਯਤਨ ਇਹ ਸੀ ਕਿ ਮੇਰੇ ਆਤਮਾ ਵਿਚ ਸਿਦਕ ਆਵੇ, ਰਜ਼ਾ ਦੀ ਮੰਜ਼ਲ ਲੱਭੇ, ਵਾਹਿਗੁਰੂ, ਜਿਸ ਦਾ ਨਾਉਂ ਲੈਂਦੇ ਤੇ ਮਾਨ ਕਰਦੇ ਹਾਂ, ਸਚੀ ਮੁੱਚੀ ਜਾਗਤੀ ਜੋਤ ਹੋ ਦਿੱਸੇ, ਐਉਂ ਰੋਣ ਨਾ ਆਵੇ। ਇਸ ਤਰ੍ਹਾਂ ਕੁਝ ਸਮਾਂ ਨਾਮ ਅਭਯਾਸ ਵਿਚ ਸੁਖੀ ਲੰਘ ਗਿਆ। ਪਹਿਰ ਰਾਤ ਦੇ ਤੜਕੇ ਉੱਠਣਾ, ਇਸ਼ਨਾਨ ਕਰਕੇ ਸੁਰਤ ਜੋੜਕੇ ਬੈਠ ਜਾਣਾ, ਸੋਝਲੇ ਹੋਏ ਧਰਮਸ਼ਾਲਾ ਜਾਣਾ, ਫੇਰ ਆਕੇ ਬਾਣੀ ਦਾ ਪਾਠ ਕਰਨਾ, ਫੇਰ ਪ੍ਰਸ਼ਾਦ ਸਜਾਕੇ ਕਿਸੇ ਗੁਰਮੁਖ ਜਾਂ ਲੋੜਵੰਦ ਨੂੰ ਛਕਾਕੇ ਆਪ ਛਕਣਾ, ਫੇਰ ਕੁਛ ਕੰਮ ਲੈ ਬੈਠਣਾ, ਗੁਆਂਢਣਾਂ ਨੇ ਆ ਜੁੜਨਾ, ਸਤਿਸੰਗ ਹੁੰਦਾ ਰਹਿਣਾ, ਲੌਢੇ ਪਹਿਰ ਪ੍ਰਸ਼ਾਦ ਛਕਕੇ ਧਰਮਸਾਲਾ ਜਾਕੇ ਸੋਦਰ ਦੀ ਚੌਂਕੀ ਸੁਣਨੀ, ਰਹਿਰਾਸ ਪੜ੍ਹਨੀ ਯਾ ਸੁਣਨੀ, ਰਾਤੀਂ ਸੋਹਿਲਾ ਪੜ੍ਹਕੇ ਸੁਰਤ ਵਾਹਿਗੁਰੂ ਵਿਚ ਜੋੜਕੇ ਸੌਂ ਜਾਣਾ।

ਇਸ ਤਰ੍ਹਾਂ ਦਿਨ ਸਹਿਲੇ ਬੀਤਣ ਲੱਗੇ। ਪਤੀ ਤੇ ਪੁੱਤ੍ਰੀ ਦੀ ਯਾਦ ਮਿਟ ਨਹੀਂ ਗਈ, ਯਾਦ ਹੈ, ਪਰ ਕੇਵਲ ਦੋ ਗੱਲਾਂ ਦੀ ਉਪਦੇਸ਼ਕ ਬਣਕੇ ਹਿਰਦੇ ਮੰਡਲ ਤੇ ਵਿਚਰਦੀ ਹੈ। ਇਕ ਇਹ ਕਿ ਮੌਤ ਸੱਚ ਹੈ, ਦੂਜੇ ਇਹ ਕਿ ਮੌਤ ਲਈ ਐਦਾਂ ਤਿਆਰ ਹੋਣਾ ਚਾਹੀਏ ਜਿੱਦਾਂ ਤਿਆਰ ਹੋਕੇ ਪਤੀ ਤੇ ਪਿਆਰੀ ਪੁਤਰੀ ਗਏ ਹਨ। ਜਦ ਕਦੇ ਉਹਨਾਂ ਦੇ ਵਿਯੋਗ ਦਾ ਵੈਰਾਗ ਉੱਠੇ ਤਦ ਝੱਟ ਸੁਰਤ ਨੂੰ ਨਾਮ ਸਿਮਰਨ ਵਿਚ ਖਿੱਚਕੇ ਸ਼ੋਕ ਦੀ ਖੱਡ ਟੱਪਕੇ ਲਿਵ ਦੀ ਚੋਟੀ ਤੇ ਜਾ ਚੜ੍ਹੇ।

ਪਰ ਸਮੇਂ ਨੂੰ ਦਾਨੇ ਕੁਛ ਅਸਚਰਜ ਕੌਤਕਹਾਰ ਕਹਿੰਦੇ ਹਨ। ਦੁਨੀਆਂਦਾਰ ਇਸ ਨੂੰ ਧ੍ਰੋਹੀ, ਦੁਖ ਦਾਤਾ ਅਰ ਨਿਰਦਈ ਕਹਿੰਦੇ ਹਨ, ਪਰ ਕਾਦਰ ਦੇ

ਚਰਨਾਂ ਦੀ ਧੂਹ ਵਾਲੇ, ਇਹਨੂੰ ਆਪਣਾ ਉਸਤਾਦ ਕਰਕੇ ਆਖਦੇ ਹਨ। ਇਸਦੇ ਪਲਟੇ, ਬਦਲਾਉ, ਕਲੇਸ਼ ਦੇ ਦੁਖ ਜਗਿਆਸੂ ਦੀ ਸੁਰਤ ਨੂੰ ਪੱਕਿਆਂ ਕਰਦੇ ਹਨ। ਘੁਮਿਆਰ ਦੀ ਥਾਪੀ ਜੋ ਸਲੂਕ ਭਾਂਡੇ ਨਾਲ ਕਰਦੀ ਹੈ, ਅਹਿਰਣ ਤੇ ਵਦਾਣ ਜੋ ਸਲੂਕ ਲੋਹੇ ਨਾਲ ਕਰਦੇ ਹਨ, ਸੋਈ ਸਲੂਕ ਸਮੇਂ ਦੇ ਖਖੇੜ ਬਖੇੜ ਪ੍ਰੇਮੀ ਦੀ ਸੂਰਤ ਨਾਲ ਕਰਦੇ ਹਨ। ਪਰ ਇਹ ਸਲੂਕ ਕੋਈ ਪੱਟ ਦੀ ਸੇਜਾ ਨਹੀਂ; ਕੋਈ ਰੂੰ ਦਾ ਗੁਦੇਲਾ ਨਹੀਂ, ਸਗੋਂ ਜਿਸ ਤਰ੍ਹਾਂ ਕੱਚੀਆਂ ਇੱਟਾਂ ਨੂੰ ਪੱਕਿਆਂ ਕਰਨ ਲਈ ਆਵੇ ਦਾ ਤਾਉ ਹੁੰਦਾ ਹੈ, ਉੱਕਰ ਹੀ ਇਹ ਤਾਉ ਦੁਖਦਾਈ ਭਾਸਦਾ ਹੈ, ਭਾਵੇਂ ਪੱਕਿਆਂ ਕਰਦਾ ਹੈ। ਇਨ੍ਹਾਂ ਦੁਖਾਂ ਨੂੰ ਓਹ ਐਉਂ ਆਪਣੇ ਗੁਰਵਾਕ ਅਨੁਸਾਰ ਸੁਖ ਸਮਝਦੇ ਹਨ :-

"ਦੁਖੁ ਦਾਰੂ ਸੁਖੁ ਰੋਗੁ ਭਇਆ।।" (ਆਸਾ ਵਾਰ)

ਪੁਨਾ:-

"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ।।
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ।।"
(ਆਸਾ ਮ:੧-ਚਓ-੩੨)

ਮਾਈ ਦਾ ਨਾਮ ਦਾ ਦੀਵਾ ਲਟ ਲਟ ਬਲ ਰਿਹਾ ਹੈ, ਦੋ ਭਾਰੇ ਦੁੱਖਾਂ ਦਾ ਤੇਲ ਓਸ ਵਿਚ ਪੈ ਚੁਕਾ ਹੈ। ਨਾਮ ਦੀ ਲਾਟ ਚਾਨਣਾ ਦੇ ਰਹੀ ਹੈ। ਦੋ ਦੁੱਖਾਂ ਦਾ ਤੇਲ ਜਦ ਸੁਕਣ ਤੇ ਆਇਆ ਤਦ ਤੀਸਰਾ ਤੇਲ ਦਾ ਕੁੱਪਾ ਹੋਰ ਆ ਡੁੱਲਾ। ਦੁੱਖ ਦੇ ਤੇਲ ਨੇ ਸਦਾ ਨਹੀਂ ਪੈਣਾ। ਨਾਮ ਦੇ ਦੀਵੇ ਨੇ ਕਿਸੇ ਦਿਨ ਬਿਨ ਤੇਲ ਸਦਾ ਬਲਣ ਲਗ ਪੈਣਾ ਹੈ:-

"ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ।।
ਜਿਉ ਸਾਹਿਬੁ ਰਾਖੈ ਤਿਉ ਰਹੈ
ਇਸੁ ਲੋਭੀ ਕਾ ਜੀਉ ਟਲ ਪਲੈ।।੧।।
ਬਿਨੁ ਤੇਲ ਦੀਵਾ ਕਿਉ ਜਲੈ।।੧।। ਰਹਾਉ।।
ਪੋਥੀ ਪੁਰਾਣ ਕਮਾਈਐ।।
ਭਉ ਵਟੀ ਇਤੁ ਤਨਿ ਪਾਈਐ।।
ਸਚੁ ਬੂਝਣੁ ਆਣਿ ਜਲਾਈਐ।।੨।।
ਇਹੁ ਤੇਲ ਦੀਵਾ ਇਉ ਜਲੈ।।

ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ਰਹਾਉ॥
ਇਤੁ ਤਨਿ ਲਾਗੈ ਬਾਣੀਆ॥
ਸੁਖੁ ਹੋਵੈ ਸੇਵ ਕਮਾਣੀਆ॥
ਸਭ ਦੁਨੀਆ ਆਵਣ ਜਾਣੀਆ॥੩॥
ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥੪॥੩੩॥"

*(ਸਿਰੀ ਰਾਗ ਮ. ੧ ਘਰੁ ੫)*

ਪਰ ਮਾਈ ਦੇ ਨਾਮ ਦਾ ਦੀਵਾ ਅਜੇ ਕੁਛ ਚਿਰ ਦੁਖ ਦੇ ਤੇਲ ਨਾਲ ਬਲਣਾ ਹੈ। ਸੋ ਭਾਣਾ ਇਕ ਦਿਨ ਇਹ ਵਰਤਿਆ ਕਿ ਵਿਹੜੇ ਵਿਚ ਬੈਠੀ ਵਾਰਤਾਲਾਪ ਕਰ ਰਹੀ ਮਾਈ ਇਕ ਆਏ ਅਚਾਨਕ ਪਰਾਹੁਣੇ ਤੋਂ ਇਹ ਸੋ ਸੁਣਦੀ ਹੈ :-

"ਮਾਈ! ਅਨੰਦਪੁਰ ਹੈ ਨਹੀਂ। ਸਿੱਖ ਸਭ ਕਤਲ ਹੋ ਗਏ। ਉਹ ਰਾਜ ਭਾਗ, ਉਹ ਸਤਿਸੰਗ ਦਾ ਖੇੜਾ ਹੈ ਨਹੀਂ। ਆਨੰਦਪੁਰ ਦਾ ਕਿੰਨਾ ਹਿੱਸਾ ਇਕ ਰਾਖ ਦਾ ਢੇਰ ਹੈ। ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਤੋਰ ਦਿੱਤੀਆਂ ਗਈਆਂ, ਅਰ ਗੁਰੂ ਜੀ, ਗੁਰੂ ਹੀ ਜਾਣੇ ਕਿ ਕਿਥੇ ਚਲੇ ਗਏ। ਮਾਈ! ਐਸ਼੍ਵਰਜ ਦੀ ਥਾਂ ਤੇਰੇ ਨੌਨਿਹਾਲਾਂ, ਤੇਰੇ ਵਾਲੀਆਂ, ਤੇਰੀਆਂ ਆਸਾਂ ਉਮੈਦਾਂ ਦੇ ਉਪਬਨ ਤੇ ਉਦਾਸੀ ਛਾ ਗਈ ਹੈ।"

ਇਹ ਖ਼ਬਰ ਸੁਣਕੇ ਵੇਖੋ ਮਾਤਾ ਦਾ ਉਜਿਆਰਾ ਦਿਲ, ਜਿਸ ਵਿਚ ਗੁਬਾਰੀ ਨਹੀਂ ਸੀ, ਧੂੰਆਂਧਾਰ ਹੋ ਗਿਆ। ਹਾਇ! ਧਰਮ ਦੀਆਂ ਔਖੀਆਂ ਘਾਟੀਆਂ, ਐਨਾ ਸਾਧਨ, ਐਨਾ ਸਤਿਸੰਗ, ਐਨੇ ਜੱਫ਼ਰ ਜਾਲੇ, ਪਰ ਦੁੱਖ ਸੁਣਕੇ ਦਿਲ ਦੁਖੀ ਹੋ ਗਿਆ। ਕੁਛ ਆਸ ਹੋ ਆਈ ਸੀ ਕਿ ਮਨ ਰਜ਼ਾ ਤੇ ਖੜੋ ਗਿਆ ਹੈ, ਪਰ ਦੁਖ ਸੁਣਕੇ ਹੀ ਢਹਿ ਪਿਆ। ਅੱਖਾਂ ਅੱਗੇ ਹਨੇਰਾ ਛਾ ਗਿਆ, ਪਿਆਰੇ ਗੁਰੂ, ਪਿਆਰੇ ਜਵਾਈ, ਕਿਸ ਅਪਦਾ ਵਿਚ ਆ ਗਏ? ਲਾਲ ਦੁਲਾਰੇ ਕਿੱਧਰ ਜਾ ਲੁਕੇ? ਉਹ ਆਨੰਦਪੁਰ ਗਹਿਮਾ ਗਹਿਮ ਵਾਲਾ ਮੇਰੇ ਪਿਆਰਿਆਂ ਦਾ ਸੁਖ ਸਦਨ ਉਹ ਆਰਾਮ ਦਾ ਮੰਡਲ, ਜਿਥੇ ਓਹ ਸੁਖ ਪਾਉਂਦੇ ਸਨ, ਹੁਣ ਰਾਖ ਦਾ ਢੇਰ ਹੋ ਰਿਹਾ ਹੈ ਅਰ ਤੁਰਕਾਨੀ ਸੈਨਾਂ ਓਥੇ ਊਧਮ ਮਚਾ ਰਹੀ ਹੈ! ਹੈਂ....ਹਾ, ਓਹ ਕਿਥੇ ਚਲੇ ਗਏ! ਜਿਨ੍ਹਾਂ ਦੁਲਾਰਿਆਂ

ਤੇ ਪਿਆਰਿਆਂ ਵਿਚ ਮੇਰੀਆਂ ਮੋਹ ਤੇ ਪ੍ਰੇਮ ਦੀਆਂ ਦੁਇ ਤਣਾਵਾਂ ਗੱਡ ਰਹੀਆਂ ਸਨ।

ਪਹਿਲੀ ਸੱਟ ਨੇ ਇਹ ਹਾਲ ਕੀਤਾ ਕਿ ਸਿਰ ਨੂੰ ਚੱਕਰ ਆਉਂਦੇ ਤੇ ਹੈਰਾਨ ਕਰਦੇ ਹਨ। ਮਨ ਵਿਚੋਂ ਹਉਮੈ, ਜੋ ਹੁਣ ਬੇਸੁਧੀ ਜੇਹੀ ਵਿਚ ਰਹਿੰਦੀ ਸੀ, ਢਹਿੰਦੀਆਂ ਕਲਾਂ ਦੇ ਪੱਖ ਵਿਚ ਜਾਗੀ। ਫੁਰਨਾ ਫੁਰਿਆ 'ਹਾਇ! ਮੈਂ ਦੁਖਿਆਰੀ! ਮੇਰਾ ਦੁੱਖਾਂ ਤੋਂ ਛੁੱਟ ਬਿਧਾਤਾ ਨੇ ਕੁਝ ਲੇਖ ਨਾ ਲਿਖਿਆ।'

ਆਨੰਦਪੁਰ ਦੀ ਇਹ ਮਾੜੀ ਸੋ ਸਾਰੇ ਉੱਡ ਗਈ ਹੈ। ਆਂਢੀ ਗੁਆਂਢੀ ਤੇ ਸਤਿਸੰਗੀ ਘਮਾ ਘਮ ਆ ਰਹੇ ਹਨ। ਕਲੇਸ਼ ਬੀ ਮਾਮੂਲੀ ਨਹੀਂ। ਗੁਰੂ ਖੇਦ ਸਹੇ ਤੇ ਸੰਗਤ ਦਾ ਕੋਈ ਜੀ ਝੱਲ ਸੱਕੇ! ਅਨਹੋਣੀ ਖੇਡ ਹੈ। ਸੰਝ ਤਕ ਆਵਾਜਾਈ ਰਹੀ, ਦੁਖ ਦੀ ਪੋਥੀ ਦਾ ਪਾਠ ਹੁੰਦਾ ਰਿਹਾ। ਘਰ ਘਰ ਸ਼ੋਕ ਸੀ ਪਰ ਜਿਸ ਘਰ ਦਾ ਗੁਰੂ ਜੀ ਨਾਲ ਸਾਕੇਦਾਰੀ ਦਾ ਸੰਬੰਧ ਸੀ ਉਹ ਘਰ ਸ਼ੋਕ ਦਾ ਵਡਾ ਟਿਕਾਣਾ ਬਣ ਰਿਹਾ ਸੀ। ਰਾਤ ਪੈ ਗਈ, ਲੋਕੀਂ ਬੁਲਾ ਬੁਲਾਕੇ ਚਲੇ ਗਏ। ਇਕੱਲੀ ਮਾਈ ਹੁਣ ਘਬਰਾ ਦੇ ਘੇਰੇ ਵਿਚ ਇਕੱਲ ਝੱਲ ਰਹੀ ਹੈ। ਦੁਖ ਦੇ ਹੜ੍ਹ ਨੇ ਨਾਮ ਦੇ ਅੰਦਰ ਚਲ ਰਹੇ ਚੱਕਰ ਨੂੰ ਰੋੜ੍ਹਿਆ ਤਾ ਨਹੀਂ, ਪਰ ਲਹਿਰਾਂ ਦੀ ਉਹ ਬੁਛਾੜ ਵੱਜੀ ਹੈ ਕਿ ਹੜ੍ਹ ਤੇ ਕੱਪਰਾਂ ਭਰੇ ਦਰਿਆ ਵਿਚ ਤੂੰਬੀ ਦੀ ਦਸ਼ਾ ਵਾਲੀ ਦਸ਼ਾ ਹੋ ਰਹੀ ਹੈ। ਕਿਸੇ ਵੇਲੇ ਸੁਰਤ ਵਿਚੋਂ ਨਾਮ ਦੀ ਲੈ ਉਭਾ ਸਰਦੀ ਮਲੂਮ ਹੁੰਦੀ ਹੈ, ਕਿਸੇ ਵੇਲੇ ਗੁੰਮਦੀ ਜਾਪਦੀ ਹੈ। ਚੁੱਲ੍ਹੇ ਅੱਗ ਨਹੀਂ ਪਈ, ਚੌਂਕੇ ਪਾਣੀ ਨਹੀਂ ਪਾਇਆ। ਸਰੀਰ ਮਾਨੋਂ ਹਿੱਲਿਆ ਹੀ ਨਹੀਂ, ਮੰਜੇ ਤੇ ਸੌਣ ਤਕ ਨਹੀਂ ਗਿਆ, ਜਿਥੇ ਬੈਠਾ ਉਥੇ ਬੈਠਾ ਹੀ ਸੁੰਨ ਹੋ ਰਿਹਾ ਹੈ। ਅੱਧੀ ਕੁ ਰਾਤ ਬੀਤ ਗਈ, ਨੀਂਦ ਆਈ, ਹੰਝੂ ਭਰੀਆਂ ਅੱਖਾਂ ਵਿਚ ਵੜਦੀ ਹੈ, ਪਰ ਹੰਝੂਆਂ ਦਾ ਹੜ੍ਹ ਆਈ ਨੀਂਦ ਨੂੰ ਮਾਨੋਂ ਬਾਹਰ ਰੋੜ੍ਹ ਲਿਜਾਂਦਾ ਹੈ। ਊਂਘਾਂ ਆਉਂਦੀਆਂ ਤੇ ਖੁੱਲ੍ਹ ਖੁੱਲ੍ਹ ਜਾਂਦੀਆਂ ਹਨ, 'ਹਾਇ! ਮੈਂ ਦੁਖੀਆ ਕੀਹ ਕਰਾਂ? ਕੀਕੂੰ ਉੱਡ ਮਿਲਾਂ? ਮੈ ਕਿਉਂ ਆਨੰਦ ਪੁਰਿ ਤੋਂ ਆ ਗਈ! ਅੱਜ ਪਿਆਰਿਆਂ ਦੇ ਨਾਲ ਦੁੱਖਾਂ ਵਿਚ ਦੁੱਖੀ ਹੁੰਦੀ, ਮੌਤ ਦੀ ਘਾਟੀ ਟੱਪਕੇ ਦੁੱਖਾਂ ਨਾਲ ਨਿਹੁੰ ਤੋੜਦੀ ਪਰ ਵੱਸ ਦੀ ਖੇਡ ਨਹੀਂ, ਮੇਰੇ ਕੀ ਵੱਸ? ਮੇਰੇ ਕਰਮਾਂ ਦੇ ਵੱਸ।....ਮੇਰੇ ਤਾਂ ਭਲਾ ਕਰਮ ਹੋਏ, ਜਗਤ ਗੁਰੂ ਦੇ ਕਰਮ ਕਾਹਦੇ? ਉਹਨਾਂ ਦੇ ਸਿਰ ਖੇਦ ਕਿਉਂ ਪਏ ਹਨ। ਕਰਮ ਨਹੀਂ! ਇਹ ਮਾਲਕ ਦੀ ਮਰਜ਼ੀ ਹੈ, ਵਾਹਿਗੁਰੂ ਦਾ ਕੋਈ ਗੁੱਝਾ ਭੇਤ ਹੈ, ਜਿਥੇ ਮੇਰੀ ਪਹੁੰਚ ਨਹੀਂ। ਗੁਰੂ ਸਮਰੱਥ ਹੈ, ਉਸਨੇ ਕਿਉਂ

ਐਸਾ ਹੋਣ ਦਿੱਤਾ? ਕੋਈ ਪ੍ਰਯੋਜਨ ਹੈ, ਜਿਹਦੀ ਮੈਨੂੰ ਸਾਰ ਨਹੀਂ, ਫੇਰ ਮੈਂ ਕਿਉਂ ਦੁਖੀ ਹਾਂ? ਇਹ ਪਹਿਲੀ ਗਿਆਨ ਸੂਰਜ ਦੀ ਕਿਰਨ ਸੀ ਜੋ ਗ਼ਮ ਦੀ ਘਨਘੋਰ ਘਟਾ ਨੂੰ ਪਾੜਕੇ ਨਿਕਲੀ, ਪਰ ਚਿੰਤਾ ਦੀ ਬੱਦਲ ਚਾਲ ਨੇ ਫੇਰ ਲੋਪ ਕਰ ਲਈ।

**'ਆਹ! ਲਗੀਆਂ ਦੀ ਪੀੜ ਨੂੰ ਕੌਣ ਜਾਣੇ?'**
**"ਸੋ ਕਤ ਜਾਨੈ ਪੀਰ ਪਰਾਈ ਜਾਕੈ ਅੰਤਰਿ ਦਰਦੁ ਨ ਪਾਈ।।"**
(ਸੂਹੀ: ਰਵਿ-੩)

'ਨਾਮ ਵਾਲੀ ਹੋਕੇ ਮਾਈ ਰੁੜ੍ਹ ਗਈ'! ਇਹ ਹੈਰਾਨੀ ਦਾ ਪ੍ਰਸ਼ਨ ਹੈ ਜੋ ਹਰ ਕੋਈ ਕਰ ਸਕਦਾ ਹੈ। ਪਰ ਕੱਪਰਾਂ ਦੀ ਮਾਰ ਖਾਕੇ ਬਚ ਰਹਿਣਾ ਤੇ ਡੁੱਬਣਾ ਨਾਂ, ਘੁੰਮਣ ਘੇਰਾਂ ਵਿਚ ਆਉਣਾ ਤੇ ਨਿਕਲ ਜਾਣਾ। "**ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ**" (ਸਿਰੀ:ਮ:੧-੧੧) ਇਹ ਦਸ਼ਾ ਪ੍ਰਾਪਤ ਹੋਣੀ ਕਠਨ ਹੈ। ਮਾਈ ਦੀ ਸੁਰਤ ਗ਼ਮ ਤੇ ਵੀਚਾਰ ਦੇ ਘੋਲ ਵਿਚੋਂ ਪਲਟਾ ਖਾ ਗਈ। ਨਾਮ ਦੀ ਗੁਪਤ ਧੁਨੀ, ਜੋ ਪੱਕ ਗਈ ਹੋਈ ਸੀ, ਉੱਚੀ ਆਕੇ ਤਰ ਪਈ ਹੈ। ਸਮਝ ਆਈ- ਜੋ ਕੁਛ ਹੋਇਆ ਮੈਂ ਨਹੀਂ ਕੀਤਾ, ਜਿਨ੍ਹਾਂ ਦੇ ਸਿਰ ਵਰਤਿਆ ਓਹ ਸਮਰੱਥ ਇਸਨੂੰ ਟਾਲ ਸਕਦੇ ਸੇ, ਓਹਨਾਂ ਝੱਲਿਆ ਹੈ, ਮੈਂ ਬਉਰੀ ਹੁਣ "ਹਾਇ ਕੀ ਹੋਇਆ, ਹਾਇ ਕਿਉਂ ਹੋਇਆ, ਹਾਇ ਕੀਹ ਹੋ ਰਿਹਾ ਹੈ ਤੇ ਹਾਇ ਕੀਹ ਹੋਵੇਗਾ" ਦੇ ਵਹਿਮਾਂ ਵਿਚ ਨਾਮ ਤੋਂ ਭੁੱਲ ਰਹੀ ਹਾਂ। ਸਗਲ ਰੋਗ ਦਾ ਦਾਰੂ ਨਾਮ ਹੈ। ਮੈ ਰੋਗੀ ਹਾਂ। "**ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ।।**" (ਧਨਾ:ਮ:੧, ਛੰਤ-੧) ਮੈਂ ਹੁਣ ਕਿਉਂ ਨਾਂ "**ਨਾਮ ਅਉਖਧੁ ਜਿਹ ਰਿਦੇ ਹਿਤਾਵੈ।। ਤਾਹਿ ਰੋਗੁ ਸੁਪਨੈ ਨਹੀ ਆਵੈ।।**" (ਗਉ:ਬਾ:ਅਖ:੪੫) ਇਹ ਦਾਰੂ ਖਾਵਾਂ। ਇਹ ਵਿਚਾਰਕੇ ਸਾਵਧਾਨ ਹੋ ਗਈ। ਅੰਦਰ ਬੇਮਲੂਮ ਚਲ ਰਹੇ ਨਾਮ ਦੀ ਤਾਰੂ ਸ਼ਕਤੀ ਨੇ ਇਸ ਵਿਚਾਰ ਨੂੰ ਬਿਜੈਮਾਨ ਕਰ ਦਿੱਤਾ। ਮਾਈ ਉੱਠੀ, ਉੱਠ ਕੇ ਮੂੰਹ ਹੱਥ ਧੋਤਾ, ਇਕ ਟੋਟਾ ਮਿਸਰੀ ਦਾ ਚਿੱਥਕੇ ਦੋ ਘੁਟ ਪਾਣੀ ਪੀਤਾ! ਗਲ ਪੱਲਾ ਪਾਕੇ ਖੜੋ ਗਈ, ਅਰਦਾਸਾ ਸੋਧਿਆ:-

> "ਹੇ ਚੋਜੀ ਗੋਬਿੰਦਾ! ਹੇ ਚੋਜੀ ਮੇਰੇ ਪਿਆਰਿਆ! ਤੇਰੇ ਚੋਜਾਂ ਦਾ ਤੂੰ ਜਾਣੂ ਹੈਂ। ਮੈਂ ਅਨਜਾਣ ਮੂਰਖ ਹਰਖ ਸ਼ੋਕ ਵਿਚ ਰੁੜ ਰਹੀ ਹਾਂ ਅਰ ਇਸ ਰੋੜ੍ਹ ਵਿਚ ਬੇਮੁਖ ਹੋਕੇ

ਆਪ ਤੋਂ ਵਿਛੁੜ ਰਹੀ ਹਾਂ। 'ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ।। ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ।।'' (ਮਲਾ:ਮ:੫-੮) ਹੇ ਦਾਤਾ! ਨਾਮ ਮੈਨੂੰ ਦਾਨ ਕਰੋ, ਸਿਦਕ ਦਿਓ, ਰਜ਼ਾ ਤੇ ਖੜਾ ਕਰੋ, ਭਾਣਾ ਮਿੱਠਾ ਲੁਆਓ! 'ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀਂ ਕੋਇ।। ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।'' (ਗਉ:ਬਾ:ਅਖ-੫੫) ਹੇ ਬਖਸ਼ਿੰਦ! ਪਿਆਰਿਆਂ ਨੂੰ ਤੱਤੀ ਵਾਉ ਨਾ ਲੱਗੇ। ਆਪ ਰਾਖਾ ਹੋਵੀਂ, ਆਪ ਸਲਾਮਤੀ ਦੇਵੀਂ, ਓਧਰ ਰਾਖਾ ਹੋ ਇਧਰ ਦਾਤਾ ਹੋ। ਬਖਸ਼! ਬਖਸ਼!!''

ਐਉਂ ਢੇਰ ਚਿਰ ਅੱਥਰੂ ਕਿਰਦੇ, ਪ੍ਰਾਰਥਨਾ ਕਰਦੀ ਸਾਵਧਾਨ ਹੋਕੇ ਨਾਮ ਦੇ ਗੇੜ ਵਿਚ ਲੱਗ ਪਈ। ਹੁਣ ਤਿੰਨ ਰੰਗ ਹੋ ਗਏ, ਨਾਮ ਜਪਦੀ ਹੈ ਤੇ ਜਪਦੀ ਜਪਦੀ ਸੌਂ ਜਾਂਦੀ ਹੈ, ਸੁੱਤੀ ਦੇ ਕਾਲਜੇ ਵਿਚ ਚੂੰਢੀ ਜਿਹੀ ਭਰੀਂਦੀ ਹੈ, ਤ੍ਰਬ੍ਹਕਕੇ ਉੱਠਦੀ ਹੈ ਤੇ ਕਹਿੰਦੀ ਹੈ ਚਿੰਤਾ ਦੀ ਚੋਭ ਅਜੇ ਅੰਦਰ ਹੈ। ਫੇਰ ਕਹਿੰਦੀ ਹੈ ਹਾਂ ਦੁਖ ਦਾਰੂ ਹੈ, ਪਿਆਰੇ ਨੇ, ਮਿੱਠੇ ਪਿਆਰੇ ਨੇ ਦਿੱਤਾ ਹੈ, ਭਾਵੇਂ ਕੌੜਾ ਹੈ, ਪਰ ਹੈ ਕਾਰੀ ਦਾਰੂ। ਹਾਇ! ਗੁਰੂ ਆਪ ਦੇਂਦਾ ਹੈ ਤੇ ਮੈਂ ਤ੍ਰਬ੍ਹਕਦੀ ਹਾਂ ਤੇ ਹੁਕਮ ਤਾਂ ਇਹ ਹੈ:-

''ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ।।''
(ਮਲਾ: ਵਾਰ ਮ:੨)

ਇਹ ਦਾਰੂ ਤਾਂ ਭਾਲਕੇ ਬੀ ਖਾਣਾ ਚਾਹੀਏ, ਵੱਟ ਕਸੀਸ ਤੇ ਲੱਗ ਮੇਰੇ ਮਨ! ਕਹੁ: ਸ੍ਰੀ ਵਾਹਿਗੁਰੂ, ਬਸ ਹੁਣ ਨਾਮ ਵਿਚ ਲੱਗ ਜਾਹੁ।

ਐਦਾਂ ਹੁਣ ਨਾਮ ਵਿਚ ਲਗਿਆਂ ਜਾਗਦਿਆਂ ਸੌਂਦਿਆਂ ਅੰਮ੍ਰਿਤ ਵੇਲਾ ਆ ਗਿਆ। ਜਾਗ ਖੁੱਲ੍ਹੀ। ਉਂਞ ਤਾਂ ਸਾਰੀ ਰਾਤ ਹੀ ਚਿੰਤਾ ਤੇ ਵੀਚਾਰ ਦੇ ਜੁੱਧ ਵਿਚ ਮਨ ਨੂੰ ਲੰਘ ਗਈ ਸੀ, ਪਰ ਹੁਣ ਫੇਰ ਮਨ ਨੂੰ ਇਕ ਨਿੱਕਾ ਜਿਹਾ ਰੋੜ੍ਹਾ ਪਿਆ। ਜਨਮ, ਕੁੜਮਾਈ, ਵਿਆਹ, ਸੰਸਾਰ ਦੇ ਸੁਖ, ਔਲਾਦ, ਔਲਾਦ ਦੇ ਸੁਖ ਆਦਿ ਸਾਰੇ ਹੱਸਣੇ ਰੱਸਣੇ ਦਰਸ਼ਨ ਅੱਖਾਂ ਅਗੋਂ ਪਲਕਾਰਾ ਮਾਰਕੇ ਲੰਘੇ ਤੇ ਇਕੱਲ ਨੇ ਇਕ ਝਲਕਾ ਮਾਰਿਆ। ਐਸ ਵੇਲੇ ਬੂਹਾ ਖੜਕਿਆ।

ਕੌਣ ਹੈ? ਸਾਰੇ ਸਤਿਸੰਗੀ। ਇਹ ਕਿਉਂ ਆਏ ਹਨ? ਧਰਮਸਾਲ ਵਿਚ ਇਹ ਵੀਚਾਰ ਹੋਈ ਕਿ ਅਜ ਸਤਿਸੰਗ ਮਾਈ ਦੇ ਘਰ ਲੱਗੇ, ਵਾਰ ਓਥੇ ਚੱਲਕੇ ਅਰੰਭੀਏ। ਇਸ ਲਈ ਕਿ ਅੱਜ ਦੀ ਸੱਟ ਬਹੁਤ ਕਰੜੀ ਹੈ, ਮਤੇ ਮਾਈ ਟੁਰਕੇ ਏਥੇ ਨਾ ਆ ਸਕੇ। ਦੁਖੀ ਤਾਂ ਸਾਰੇ ਹਾਂ ਪਰ 'ਰਜ਼ਾ' ਸਤਿਗੁਰ ਨੇ ਸਿਰ ਰਖਣੀ ਸਿਖਾਈ ਹੈ। ਸਾਰੇ ਰਲਕੇ ਰਜ਼ਾ ਦੀ ਸੰਥਿਆ ਪੜ੍ਹੀਏ। ਇਹ ਦਿੱਸਦਾ ਆਸਰਾ, ਹਾਂ ਦਿੱਸਦੇ ਭਲੀਂਦੇ ਸਤਿਸੰਗ ਦਾ ਆਸਰਾ ਪਾਕੇ ਮਾਈ ਦੀ ਪ੍ਰਪੱਕ ਹੋ ਰਹੀ ਸੁਰਤਿ ਤਕੜੀ ਹੋ ਗਈ ਤੇ ਇਹ ਆਸਰਾ ਪਾਕੇ ਹੰਭਲਾ ਮਾਰਕੇ ਉੱਠੀ। ਬੂਹਾ ਖੁਹਲਿਆ, ਆਦਰ, ਨਾਲ ਬਿਠਾਇਆ; ਸਤਿਸੰਗ ਦਾ ਸ਼ੁਕਰ ਕੀਤਾ, ਹੱਥ ਜੋੜੇ: 'ਧੰਨ ਧੰਨ ਸਤਿਸੰਗ' ਕਈ ਵਾਰ ਆਖਿਆ, ਪਰ ਸਤਿਸੰਗੀ ਤਾਂ ਪਿਆਰ ਕਰਨ ਆਏ ਸੇ, ਆਦਰ ਲੈਣ ਨਹੀਂ ਸੇ ਆਏ। ਮਾਈ ਦੀ ਧੰਨ ਮੰਨ ਕੇ ਸਭ ਨੇ ਦੀਵਾਨ ਸਜਾ ਦਿਤਾ ਤੇ ਵਾਰ ਲਾ ਦਿੱਤੀ। ਮਾਈ ਦੀ ਸੁਰਤ ਹੁਣ ਨਾਮ ਵਿਚ ਚੜ੍ਹੀ ਅਰ ਉੱਚੇ ਮੰਡਲਾਂ ਵਿਚ ਪਹੁੰਚਕੇ ਟਿਕ ਗਈ। ਬੀਤ ਗਈ ਅਰ ਐਉਂ ਬੀਤ ਗਈ ਤੀਸਰੀ ਔਖੀ ਰਾਤ।

[ਪ੍ਰਸ਼ਨ- ਇਹ ਦੁਖ ਆਏ ਮਾਈ ਨੂੰ, ਇਨ੍ਹਾਂ ਵਿਚ ਕਈ ਕਈ ਦਿਨ ਲੰਘਦੇ ਹੋਣਗੇ ਤੇ ਏਹ ਹਾਲ ਰਾਤ ਦਿਨ ਰਹਿੰਦੇ ਹੋਣਗੇ; ਪਰ ਨਿਰੀ ਇਕੋ ਇਕ ਰਾਤ ਉਖੇਰੀ ਦਿਖਾਈ ਹੈ। ਕੀ ਮਾਈ ਦਿਨੇ ਦੁਖੀ ਲਹੀਂ ਸੀ ਹੁੰਦੀ ਤੇ ਰਾਤ ਨੂੰ ਹੀ ਹੁੰਦੀ ਸੀ ਤੇ ਰਾਤ ਬੀ ਫੇਰ ਇਕੋ ਰਾਤ ? ਕੀ ਅਗਲੀ ਰਾਤ ਨੂੰ ਮਾਈ ਪਾਰਗਿਰਾਮੀ ਹੋ ਜਾਂਦੀ ਸੀ ?

ਉਤਰ- ਜਿਸ ਵੇਲੇ ਸੱਟ ਸਿਰ ਤੇ ਪੈਂਦੀ ਹੈ ਜਾਂ ਸੱਟ ਦੀ ਸੋ ਸੁਣਾਈ ਦਿੰਦੀ ਹੈ, ਉਸ ਵੇਲੇ ਸਦਮਾ ਕਹਿਰਾਂ ਦਾ ਹੁੰਦਾ ਹੈ। ਪਰ ਉਸ ਵੇਲੇ ਸਾਕ ਸੰਬੰਧ ਆ ਜੁੜਦੇ ਹਨ, ਉਨ੍ਹਾਂ ਦੇ ਪਿਆਰ ਤੇ ਸਾਡੇ ਦਰਦ ਵਿਚ ਦਰਦੀ ਹੋਣ ਕਰਕੇ ਦੁਖ ਦੂਰ ਤਾਂ ਨਹੀਂ ਹੁੰਦਾ, ਪਰ ਉਸ ਵੇਲੇ ਲਈ ਵੰਡੀਜ ਜਾਂਦਾ ਹੈ ਤੇ ਸਮਾਂ ਲੰਘ ਜਾਂਦਾ ਹੈ। ਰਾਤ ਜਦ ਸਾਰੇ ਚਲੇ ਜਾਂਦੇ ਹਨ ਤੇ ਘਰ ਵਿਚਲੇ ਬੀ ਸੌਂ ਜਾਂਦੇ ਹਨ ਤਾਂ ਜਿਸ ਨੂੰ ਸਿਰਦੀ ਸੱਟ ਪਈ ਹੈ ਉਸਨੂੰ ਇਕੱਲ ਹੋ ਜਾਂਦੀ ਹੈ। ਨੀਂਦ ਉਸਨੂੰ ਪੈਂਦੀ ਨਹੀਂ, ਪੈਂਦੀ ਹੈ ਤਾਂ ਉਟਕਦੀ ਹੈ। ਉਸ ਇਕੱਲ ਤੇ ਉਨੀਂਦੇ ਵਿਚ ਮਨ ਤੇ ਸਰੀਰ ਢਿੱਲੇ ਹੁੰਦੇ ਹਨ, ਚਿੰਤਾ ਦੇ ਵਾਰ ਤਕੜੇ ਪੈਂਦੇ ਹਨ ਤੇ ਮਨ ਦਾ ਰੁਖ਼ ਢਹਿੰਦੀਆਂ ਕਲਾਂ ਵਲ ਨੂੰ ਜਾਂਦਾ ਹੈ। ਦੁਖ ਦੀ ਬਹੁੱਲਤਾ ਹੋਣ ਕਰਕੇ ਉਸ ਰਾਤ ਵਿਚ ਦਾ ਦੁਖ ਤੇ ਦੁਖ ਤੋਂ

ਤਰ ਨਿਕਲਣ ਦਾ ਵਰਣਨ ਹੋਇਆ ਹੈ। ਹੋਰ ਅਗਲੇ ਦਿਨ ਤੇ ਅਗਲੀਆਂ ਰਾਤਾਂ ਵਿਚ ਚਿੰਤਾ ਦੇ ਰੋੜ੍ਹੇ ਪੈਣੇ ਅਨਹੋਣੇ ਤਾਂ ਨਹੀਂ ਹਨ, ਪਰ ਇਸ ਦਾ ਇਹ ਬੀ ਅਰਥ ਨਹੀਂ ਕਿ ਸਤਿਸੰਗੀਆਂ ਨੂੰ ਸਾਈਂ ਨਾਮ ਤੋਂ ਅਚੇਤ ਲੋਕਾਂ ਨਾਲੋਂ ਵਧੀਕ ਸਹਾਰੇ ਦੀ ਲੋੜ ਪੈਂਦੀ ਹੈ। ਸਤਸੰਗੀ ਤਾਂ ਇਸ ਕਰਕੇ ਇਸ ਵੇਲੇ ਪਜਾਰ ਕਰਦੇ ਹਨ ਕਿ ਇਨ੍ਹਾਂ ਦੇ ਅੰਦਰ ਨਾਮ ਦਾ ਜਤਨ ਹੈ, ਜੋ ਅਜੇ ਪ੍ਰਪੱਕ ਨਹੀਂ ਹੋਇਆ, ਕਿਤੇ ਐਸਾ ਨਾ ਹੋਵੇ ਕਿ ਚਿੰਤਾ ਦੇ ਰੋੜ੍ਹ ਵਿਚ ਉਹ ਤਰਲਾ ਹਥੋਂ ਨਿਕਲ ਜਾਏ। ਹੋਰ ਨਾਮ ਤੋਂ ਅਚੇਤ ਲੋਕਾਂ ਨਾਲੋਂ ਨਾਮ ਦੇ ਅਭਜਾਸੀ ਵਧੇਰੇ ਤਕੜੇ ਹੁੰਦੇ ਹਨ ਤੇ ਦੁਖਾਂ ਨੂੰ ਵਧੇਰੇ ਜੇਰੇ ਨਾਲ ਝੱਲਦੇ ਹਨ। ਲੋੜ ਹੁੰਦੀ ਹੈ ਤਾਂ ਉਨ੍ਹਾਂ ਦੇ ਅੰਦਰਲੇ ਨਾਮ ਧਨ ਨੂੰ ਬਚਾਉਣ ਦੀ। ਅਚੇਤ ਲੋਕ ਹਠ ਦੇ ਆਸਰੇ, ਜਾਂ ਦਿਲ ਭੁਲਾਵਿਆਂ ਨਾਲ, ਜਾਂ ਸਮੇਂ ਦੇ ਬੀਤਣ ਨਾਲ ਵਿਛੋੜਿਆਂ ਨੂੰ ਭੁੱਲਦੇ ਹਨ। ਨਾਮ ਦੇ ਤਰਲੇ ਵਾਲੇ ਛੇਤੀ ਦੁਖ ਦੀ ਪਛਾੜ ਤੋਂ ਉੱਚੇ ਉੱਠਦੇ ਹਨ ਤੇ ਅਪਣੀ ਖੇਪ ਬਚਾਉਂਦੇ ਹਨ ਅਤੇ ਸਾਈਂ ਦੀ ਰਜ਼ਾ ਵਿਚ ਮਰਜ਼ੀ ਮੇਲਕੇ ਅੰਤਰ ਆਤਮੇ ਸੁਖ ਤੇ ਟਿਕਾਉ ਦੇ ਘਰ ਆ ਜਾਂਦੇ ਹਨ।]

(ਬਾਬਾ ਨੌਧ ਸਿੰਘ ਵਿਚੋਂ- ਪੰਨਾ ੧੧੫-੧੧੬)

# ਚਉਥੀ ਰਾਤ

ਤੀਸਰੀ ਰਾਤ ਬੀਤ ਗਈ। ਮਾਈ ਦੇ ਹਿਰਦੇ ਮੰਡਲ ਵਿਚ ਜੋ ਰਜ਼ਾ ਦੇ ਸੂਰਜ ਨੂੰ ਲੁਕਾ ਲੈਣ ਵਾਲੇ ਬੱਦਲ ਉਮਡੇ ਸਨ, ਹੋ ਹਟੀ ਬਰਖਾ ਮਗਰੋਂ ਨਿੱਤਰੇ ਹੋਏ ਅਕਾਸ਼ ਵਾਂਙੂ, ਮਨ ਦੇ ਅਕਾਸ਼ ਤੋਂ ਲੁਕ ਗਏ ਹਨ। ਪਰ ਜਿਕੂੰ ਕਿਤੇ ਰਿਹਾ ਖਿਹਾ ਬੱਦਲ ਦਿੱਸਿਆ ਕਰਦਾ ਹੈ ਤਿੱਕੂੰ ਏਹ ਇੱਛਾ ਕਿਤੇ ਕਿਤੇ ਲਟਕ ਰਹੀ ਹੈ ਕਿ ਗੁਰੂ ਮਹਾਰਾਜ ਜੀ ਕਿੱਥੇ ਬਿਰਾਜ ਰਹੇ ਹੋਣਗੇ, ਬਰਖ਼ੁਰਦਾਰ ਕਿਥੇ ਹੋਣਗੇ, ਪਰਵਾਰ ਸਾਰੇ ਦਾ ਕੀਹ ਹਾਲ ਹੋਇਆ ਹੋਊ! ਸੁਰਤਿ ਨਾਮ ਦੇ ਪਰਵਾਹ ਵਿਚ ਅਖੰਡਾਕਾਰ ਤਾਂ ਚਲ ਰਹੀ ਹੈ, ਪਰ ਅਗਲੀ ਸੁਧ ਜਾਣਨ ਦੀ ਇੱਛਾ ਉਮਡ ਪੈਂਦੀ ਹੈ ਤੇ ਚਿੰਤਾ ਦਾ ਰੰਗ ਲੈਕੇ ਉਮਡਦੀ ਹੈ। ਭਰੋਸਾ ਤੇ ਸਿਦਕ ਕਹਿੰਦੇ ਹਨ ਕਿ ਕੌਤਕਹਾਰ ਮਾਲਕ ਆਪ ਹਨ ਤੇ ਆਪਣੇ ਕੌਤਕਾਂ ਨੂੰ ਓਹ ਆਪ ਜਾਣਦੇ ਹਨ। ਜੋ ਫ਼ਕੀਰੀ ਵਿਚ ਬੈਠੇ ਪਾਤਸ਼ਾਹ ਨਾਲ ਟਾਕਰਾ ਕਰਦੇ ਅਰ ਉਨ੍ਹਾਂ ਦੇ ਮੂੰਹ ਮੋੜਦੇ ਹਨ ਓਹ ਹਾਰ ਜਿੱਤ ਵਿਚ ਨਹੀਂ ਹਨ, ਪਰ ਕੋਈ ਪ੍ਰਯੋਜਨ ਹੈ ਜੋ ਵਾਹਿਗੁਰੂ ਦੇ ਹੁਕਮ ਅਨੁਸਾਰ ਉਨ੍ਹਾਂ ਨੇ ਪੂਰਨ ਕਰਨਾ ਹੈ। ਉਸਦੇ ਭੇਤ ਦੇ ਓਹ ਆਪ ਜਾਣੂੰ ਹਨ, ਆਪ ਜਨਮ ਮਰਨ ਵਿਚ ਨਹੀਂ ਹਨ, ਅਮਰ ਹਨ, ਇਸ ਕਰਕੇ ਦੁਖ ਸੁਖ ਨੂੰ ਸਮ ਜਾਣਦੇ ਹਨ। ਘਾਬਰਨ ਵਾਲੇ ਜੇ ਹਾਂ ਤਾਂ ਅਸੀਂ ਹਾਂ। ਇਸ ਪ੍ਰਕਾਰ ਦੀਆਂ ਸਿਦਕ ਦੀਆਂ ਵੀਚਾਰਾਂ ਪੱਛੋਂ ਦੀ ਪੌਣ ਵਾਂਙੂ ਬੱਦਲਾਂ ਨੂੰ ਉਡਾ ਰਹੀਆਂ ਹਨ, ਪਰ ਅਜੇ ਅੱਠ ਦਸ ਦਿਨ ਹੀ ਬੀਤੇ ਸਨ ਕਿ ਫੇਰ ਪੁਰੇ ਦੀ ਬੁਰੀ ਪੌਣ ਝੁੱਲ ਪਈ। ਹਨੇਰੀ, ਘੱਟਾ ਬੱਦਲ ਤੇ ਕੜਕਾਂ ਨਾਲ ਲੈਕੇ ਆ ਗਈ। ਕਿਸੇ ਰਾਹੀ ਆ ਦੱਸਿਆ ਜੋ ਸ੍ਰੀ ਕਲਗੀਧਰ ਜੀ ਆਨੰਦਪੁਰੇ ਤੋਂ ਨਿਕਲਕੇ ਚਮਕੌਰ ਆਏ, ਓਥੇ ਘੋਰ ਯੁੱਧ ਹੋਇਆ, ਸ੍ਰੀ ਗੁਰੂ ਜੀ ਰਾਤ ਸਮੇਂ ਸਲਾਮਤ ਨਿਕਲ ਗਏ ਹਨ, ਪਰੰਤੂ ਵੱਡੇ ਸਾਹਿਬਜ਼ਾਦੇ ਦੋਨੋਂ ਉਥੇ ਹੀ ਸ਼ਹੀਦ ਹੋ ਗਏ ਅਰ ਭਾਈ ਸੰਤ ਸਿੰਘ ਜੀ, ਭਾਈ ਸੰਗਤ ਸਿੰਘ ਜੀ ਵਰਗੇ ਪਿਆਰੇ ਤੇ ਚਾਲੀ ਪਿਆਰੇ ਓਸੇ ਥਾਂ ਉਹਨਾਂ ਦੀ ਰਜ਼ਾ ਪਾਲਦੇ ਜੀਵਨ ਮੁਕਤ ਹੋ ਗਏ ਹਨ।


www.sikhbookclub.com

ਇਹ ਖ਼ਬਰ ਉਸ ਨਾਮ ਦੇ ਮੰਡਲ ਦੀ ਤੁਰਾਊ ਦੇ ਕੰਨੀ ਇੱਕੁਰ ਪਈ ਕਿ ਜਿੱਕੂ ਕਿਸੇ ਮੁਸਾਫ਼ਰ ਨੂੰ ਕੋਈ ਪਿਛੋਂ ਦੀ ਆਕੇ ਮੋਢੇ ਤੋਂ ਫੜਕੇ ਅਚਾਨਕ ਖੜਾ ਕਰ ਲੈਂਦਾ ਹੈ ਤੇ ਆਖਦਾ ਹੈ- ਠਹਿਰ ਜਾਹ, ਪਹਿਲੇ ਇਕ ਸੁਣਾਉਣੀ ਸੁਣ ਜਾਹ। ਠੀਕ ਓਸੇ ਤਰ੍ਹਾਂ ਮਾਤਾ ਭਚੱਕ ਰਹਿ ਗਈ। ਮਨ ਵਹਿਮ ਤਾਂ ਕਰਦਾ ਸੀ ਕਿ ਇਹ ਭਾਜੜ ਜੇ ਪਈ ਹੈ. ਹੋਰ ਉਪੱਦ੍ਰ ਨਾ ਕਰੇ, ਪਰ ਇਹ ਗਲ ਦਿਲ ਨੇ ਕਦ ਸੋਚੀ ਸੀ ਕਿ ਗੁਰੂ ਕੇ ਦੁਲਾਰੇ, ਅੱਖਾਂ ਦੇ ਤਾਰੇ, ਪੁਰਜ਼ਾ ਪੁਰਜ਼ਾ ਕੱਟਕੇ ਮੈਦਾਨੇ ਜੰਗ ਵਿਚ ਸ਼ਹੀਦੀ ਦੀ ਸਿਰਮੌਰ ਪਦਵੀ ਪਾ ਜਾਣਗੇ ਅਰ ਸਚਖੰਡ ਵਾਸੀ ਬੱਚੀ ਦਾ ਅੱਧਾ ਖੇੜਾ ਸੁੰਞਾ ਕਰ ਜਾਣਗੇ। ਇਹ ਖਬਰ ਸੀ ਕਿ ਇਕ ਪਰਬਤੀ ਹਿਮਬਿੱਜ* ਸੀ, ਜਿਸਦੇ ਡਿਗਦਿਆਂ ਹੇਠ ਆਏ ਦੀ ਸੁਰ ਸੁੱਧ ਹੀ ਨਹੀਂ ਰਹਿ ਸਕਦੀ। ਮੋਹ ਦੀ ਮਾਇਆ ਕਹੋ ਜਾਂ ਮਮਤਾ ਦੀਆਂ ਡੂੰਘੀਆਂ ਕੱਸੀਆਂ ਤਣਾਵਾਂ ਕਹੋ, ਇਨ੍ਹਾਂ ਮੋਹ ਤੇ ਮਮਤਾ ਦੇ ਵੱਸਣੇ ਦਾ ਜੋ ਥਾਉਂ ਹੈ, ਓਥੇ ਡਾਢਾ ਤਣੁੱਕਾ ਵੱਜਾ। 'ਨਾਮ ਵਿਚ ਰੱਤਾ ਮਨ' ਨਾਮ ਦੇ ਆਨੰਦ ਵਿਚ ਮਗਨ ਤਾਂ ਸੀ, ਪਰ ਨਹੀਂ ਜਾਣਦਾ ਸੀ ਕਿ ਮੇਰੇ ਮਨ ਦੇ ਕਿਸੇ ਅਨਜਾਣੇ ਪਰਦੇ ਹੇਠ ਮੇਰੇ ਹੀ ਅੰਦਰ ਇਕ ਹੋਰ ਮਮਤਾ ਦੀ ਗੰਢ ਲੁਕੀ ਪਈ ਹੈ, ਜਿਸ ਦੇ ਟੁੱਟਣ ਲਗਿਆਂ ਮੇਰੇ ਮਨ ਦਾ ਸਾਰਾ ਤਲ ਹਿੱਲੇਗਾ ਅਰ ਓਸ ਹਿੱਲਣ ਵਿਚ ਨਾਮ ਇਸ ਤਰ੍ਹਾਂ ਗੁੰਮ ਹੋਵੇਗਾ ਕਿ ਜਿਸ ਤਰ੍ਹਾਂ ਡਾਢੇ ਤੁਫ਼ਾਨ ਮਚੇ ਤੇ ਲਹਿਰਾਂ ਦੇ ਝੁਰਮਟ ਵਿਚ ਜਹਾਜ਼। ਜਹਾਜ਼ ਹੁੰਦਾ ਤਾਂ ਸਮੁੰਦਰ ਤੇ ਹੀ ਹੈ, ਪਰ ਡੋਲਵੀਂ ਖੇਡ ਵਿਚ ਮਾਨੋ ਲੋਪ ਹੋ ਹੋ ਜਾਂਦਾ ਹੈ। ਸੋ ਸੁਣਦਿਆਂ ਸਾਰ ਮਾਈ ਦੀਆਂ ਤਲੀਆਂ ਹੇਠੋਂ ਮਿੱਟੀ ਨਿਕਲ ਗਈ, ਸੁੰਨਤਾ ਛਾ ਗਈ ਤੇ ਮਾਨੋ ਪੱਥਰ ਜੇਹੀ ਹੋ ਗਈ। ਨੇਤ੍ਰਾਂ ਵਿਚ ਜਲ ਆਇਆ ਪਰ ਆਂਵਦਾ ਹੀ ਮਾਨੋ ਜੰਮ ਗਿਆ। ਧਰਤੀ ਵਲ ਬਿਟਰ ਬਿਟਰ ਤੱਕਦੀ ਹੈ, ਨਾ ਬੋਲਦੀ ਹੈ ਨਾ ਹਿੱਲਦੀ ਹੈ। ਸ਼ਹਿਰ ਵਿਚ ਬੀ ਇਹ ਖ਼ਬਰ ਪਹੁੰਚ ਗਈ। ਸੱਜਣਾਂ ਦੀ ਆਵਾਜਾਈ ਸ਼ੁਰੂ ਹੋ ਗਈ। ਮਾਈ ਕਿਸੇ ਨਾਲ ਕੁਛ ਕੂ (ਬੋਲ) ਨਹੀਂ ਸਕਦੀ, ਪੱਥਰਾਈ ਹੋਈ ਮਾਨੋ ਬੈਠੀ ਹੈ। ਇਹ ਦਸ਼ਾ ਵੇਖਕੇ ਇਕ ਦੋ ਸਿਆਣਿਆਂ ਨੂੰ ਡਾਢੀ ਹੀ ਚਿੰਤਾ ਹੋਈ। ਸਿਆਣਿਆਂ ਨੇ ਵੀਚਾਰ ਕਰਕੇ ਮਾਤਾ ਦੇ ਵਿਹੜੇ ਵਿਚ ਦੀਵਾਨ ਲਾਕੇ ਵੈਰਾਗ ਦੇ ਸ਼ਬਦਾਂ ਦਾ ਉਚਾਰ ਸ਼ੁਰੂ

*ਜੰਮੀ ਬਰਫ ਦੇ ਪਹਾੜ ਸਮਾਨ ਟੀਲੇ ਜੋ ਪਹਾੜਾਂ ਤੋਂ ਤਿਲਕ ਕੇ ਹੇਠ ਆ ਪੈਂਦੇ ਹਨ।

ਕਰ ਦਿੱਤਾ। ਕੋਈ ਘੰਟੇਕੁ ਮਗਰੋਂ ਮਾਈ ਜੀ ਦੇ ਨੇਤ੍ਰਾਂ ਵਿਚੋਂ ਅੱਥਰੂ ਕਿਰ ਪਏ: ਲੰਮਾ ਸਾਹ ਆਇਆ ਤੇ ਬੋਲੀ 'ਲਾਲ ਜੀ! ਮੈਨੂੰ ਨਾਲ ਲੈ ਜਾਂਦੇ ਤਾਂ ਭਲਾ ਹੁੰਦਾ।' ਹੋਰ ਕੁਝ ਨਹੀਂ ਬੋਲੀ ਪਰ ਨੇਤ੍ਰਾਂ ਤੋਂ ਪਰਵਾਹ ਜਾਰੀ ਹੋ ਗਿਆ ਅਰ ਜਾਰੀ ਰਿਹਾ।

ਸਤਿਸੰਗੀ ਸਾਰੇ ਆਪ ਬੜੇ ਵੈਰਾਗ ਵਿਚ ਸੇ ਪਰ ਮਾਈ ਨੂੰ ਇਕੱਲੀ ਤੇ ਵਧੇਰੇ ਦੁਖੀਆ ਜਾਣਕੇ ਅਜੇ ਸੋਝਲਾ ਹੀ ਸੀ ਕਿ ਸਤਿਸੰਗੀਆਂ ਵਿਚੋਂ ਵਡੇਰੀਆਂ ਨੇ ਮਾਈ ਦਾ ਮੂੰਹ ਹੱਥ ਧੁਲਾਇਆ ਤੇ ਅੰਦਰ ਲਿਜਾ ਕੇ ਲਿਟਾ ਦਿਤਾ। ਲੇਟਦਿਆਂ ਹੀ ਨੀਂਦ ਪੈ ਗਈ। ਸੁੱਤੀ ਪਈ ਨੂੰ ਆਰਾਮ ਵਿਚ ਦੇਖਕੇ ਤੇ ਬਹੁਤਿਆਂ ਦਾ ਹੁਣ ਠਹਿਰਣਾ ਘਬਰਾ ਦੇਣਾ ਸਮਝਕੇ ਸਾਰੇ ਮਲਕੜੇ ਮਲਕੜੇ ਵਿਦਾ ਹੋ ਗਏ। ਘਰ ਦੀ ਸੇਵਕਾ ਨੇ ਬੂਹਾ ਢੋਕੇ ਅਰਾਮ ਕੀਤਾ। ਅਜੇ ਪਹਿਲਾ ਪਹਿਰ ਭੀ ਨਹੀਂ ਬੀਤਿਆ ਸੀ ਜੋ ਘੜਿਆਲੀ ਦੀ ਟੰਕਾਰ ਮਾਈ ਦੇ ਕੰਨਾਂ ਪੁਰ ਪਈ। ਘੂਕ ਸੁੱਤੀ ਮਾਈ ਤੜਫ਼ ਕੇ ਉੱਠ ਬੈਠੀ :-ਹਾਇ! ਉਹੋ ਘੜੀਆਂ ਤੇ ਪਹਿਰ ਵੱਜਦੇ ਹਨ, ਉਹੋ ਤਾਰੇ ਤੇ ਚੰਦ ਚੜ੍ਹਦੇ ਹਨ, ਪਰ ਮੇਰੇ ਦੁਲਾਰੇ ਕਈ ਹਜ਼ਾਰ ਟੁਕੜੇ ਹੋਕੇ ਮੈਦਾਨੇ ਜੰਗ ਵਿਚ ਅਗਨੀ ਨੂੰ ਉਡੀਕ ਰਹੇ ਹਨ। ...ਕਿਉਂ ਇਹ ਦਸ਼ਾ ਹੈ? ਵਾਹ ਵਾਹ ਤੇਰੇ ਚੋਜ! ਮਨਾ! ਤੇਰੇ ਕੁਛ ਵੱਸ ਨਹੀਂ, ਕੁਛ ਅਧੀਨ ਨਹੀਂ ਹੈ, ਜਿਸ ਦੇ ਏਹ ਵੱਸ ਹੈ ਤੂੰ ਉਸ ਦੇ ਵੱਸ ਹੋ, **"ਜਿਸੁ ਠਾਕੁਰ ਸਿਉ ਨਾਹੀ ਚਾਰਾ।। ਤਾ ਕਉ ਕੀਜੈ ਸਦ ਨਮਸਕਾਰਾ।।"** (ਸੁਖਮਨੀ) ਜੋ ਗੁਰੂ ਸਾਰੇ ਸੰਸਾਰ ਦੇ ਦੁੱਖ ਹਰਦਾ, ਵਿਪਦਾ ਟਾਲਦਾ ਤੇ ਰੇਖਾਂ ਵਿਚ ਮੇਖਾਂ ਮਾਰਦਾ ਹੈ, ਉਹ ਜਦ ਆਪ ਆਪਣੇ ਪੁਤ੍ਰਾਂ ਨੂੰ ਮੈਦਾਨ ਵਿਚ ਤੋਰਦਾ ਹੈ, ਆਪਣੀਆਂ ਅਖਾਂ ਦੇ ਸਾਹਮਣੇ ਟੁਕੜੇ ਹੁੰਦੇ ਵੇਖਦਾ ਹੈ, ਤਦ ਕੋਈ ਭੇਦ ਹੈ ਇਸ ਵਿਚ ਜੋ ਤੇਰੀ ਸਮਝ ਤੋਂ ਵੱਖਰਾ ਹੈ।.... ਪਰ ਕੀਹ ਸੀ ਕਿ ਮੇਰੀ ਬੱਚੜੀ ਵਾਂਙੂੰ ਮੈਨੂੰ ਭੀ ਇਹਨਾਂ ਕਲੇਸ਼ਾਂ ਦੇ ਵੇਖਣ ਤੋਂ ਬਚਾ ਲਿਆ ਜਾਂਦਾ?.... ਆਪੋ ਆਪਣੇ ਭਾਗ ਹਨ।

ਇਹ ਕਹਿੰਦਿਆਂ ਇਕ ਗੱਚ ਉੱਠਿਆ, ਗਲਾ ਰੁਕ ਗਿਆ ਅਰ ਨੇਤ੍ਰ ਡੁੱਲ੍ਹ ਪਏ। ਡੁੱਲ੍ਹੇ ਕੀ ਦਰਯਾ ਹੀ ਵਗ ਪਿਆ। ਜੀਕੂੰ ਖਾਰਾ ਪਾਣੀ ਖਿਚੀਜ ਖਿਚੀਜਕੇ ਅੱਖਾਂ ਥਾਣੀਂ ਵਹਿ ਰਿਹਾ ਹੈ, ਤਿੱਕੂੰ ਸੁਰਤ ਭੀ ਖਿੱਚੀ ਜਾਕੇ ਸਿਰ ਵਲ ਨੂੰ ਰੁਖ ਕਰ ਰਹੀ ਹੈ ਅਰ ਕੱਠੀ ਹੁੰਦੀ ਜਾਂਦੀ ਹੈ। ਪਰ ਇਹ ਇਕੱਠਾ ਹੋਣਾ ਰਗੜ ਵਾਲਾ ਹੈ। ਇਕ ਝਰਨਾਟ ਜਿਹੀ ਸਾਰੇ ਬਦਨ ਵਿਚ ਹੋਕੇ ਇਕ ਫੁਹਾਰਾ ਛੁਟਦਾ ਹੈ ਕਿ ਦੂਸਰਾ ਮਗਰ ਤਿਆਰ ਹੋ ਜਾਂਦਾ ਹੈ। ਇਸ ਰਗੜ-

ਭਰਵੀਂ ਦਸ਼ਾ ਵਿਚ ਮਨ ਕੁਛ ਨਹੀਂ ਸੋਚਦਾ। ਆਲਸ, ਰੰਜ, ਵੈਰਾਗ ਦੀ ਖਿਚ ਖਿਚਾਹਟ ਦੇ ਮਿਲਵੇਂ ਭਾਵ ਤੋਂ ਇਕ ਸ਼ੂਨਤਾ ਛਾ ਰਹੀ ਹੈ। ਹਾਇ ਪਾਪਣ ਪੋਹ ਦੀ ਰਾਤ! ਕਾਲੀ ਤੇ ਬੋਲੀ ਬੀਤਦੀ ਹੀ ਨਹੀਂ। ਬੀਤੇ ਕਿੱਕੁਣ? ਨਹੀਂ, ਉਹ ਤਾਂ ਬੀਤਦੀ ਹੈ, ਪਰੰਤੂ ਸੁਰਤਿ ਜੇ ਨੀਂਦ ਵਿਚ ਹੋਵੇ ਯਾ ਭਜਨ ਦੇ ਆਨੰਦ ਵਿਚ ਹੋਵੇ ਯਾ ਕਿਸੇ ਖੁਸ਼ੀ ਦੇ ਰੁਝੇਵੇਂ ਵਿਚ ਹੋਵੇ ਤਦ ਪਤਾ ਲੱਗੇ ਕਿ ਬੀਤ ਗਈ ਹੈ। ਇਹ ਤਾ ਸੁਰਤਿ ਅਟਕੀ ਖੜੀ ਹੈ, ਰਾਤ ਨਹੀਂ ਅਟਕੀ ਖੜੀ। ਕੁਝ ਚਿਰ ਮਗਰੋਂ ਮਾਈ ਨੂੰ ਸ਼ੂਨਤਾ ਵਿਚੋਂ ਫੇਰ ਹੋਸ਼ ਆਈ, ਠੰਢਾ ਸਾਹ ਭਰਿਆ ਤੇ ਬੋਲੀ: "ਲੋਕੋ! ਮੈਂ ਲੁਟੀ ਗਈ ਜੇ, ਇਕ ਤਾਂ ਮੇਰੇ ਲਾਲ ਕਿਸੇ ਕੁਚੱਜੇ ਨੇ ਭੰਨ ਗੁਆਏ, ਇਕ ਮੈਂ ਕੁਚੱਜੀ ਨੇ ਅੰਦਰਲਾ ਗੁੱਝਾ ਲਾਲ ਭੰਨ ਗਵਾਇਆ। ਜੋ ਤਾਂ ਮੇਰੇ ਵਸੋਂ ਬਾਹਰ ਸੀ ਸੋ ਤਾਂ ਗਿਆ, ਜੋ ਮੇਰੇ ਵੱਸ ਸੀ ਮੈਂ ਆਪ ਵਞਾ ਰਹੀ ਹਾਂ। ਭਲਾ, ਹੇ ਖੋਟੇ ਮਨ ! ਤੇਰਾ ਵਸਾਹ ਨਹੀਂ। **'ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ।।'** (ਬਿਲ:ਮ:੫-੨੮) ਦੁਖ ਹੋਇਆ, ਪਰ ਹਾਇ ਪਾਪੀ ਮਨ! ਇਹ ਕੌਣ ਆਕੇ ਕਹਿ ਗਿਆ ਸੀ ਕਿ ਤੂੰ ਨਾਮ ਨੂੰ ਛੱਡ ਦੇਹ? ਤੂੰ ਜੋ ਚਿੰਤਾ ਸੀ ਰਹਿਣ ਦੇਂਦੋ, ਦੁੱਖ ਵਾਪਰਨ ਦੇਂਦੋ, ਪਰ ਨਾਮ ਤਾਂ ਨਾ ਛੱਡਦੋਂ, ਆਪੇ ਨਾਮ ਤੈਨੂੰ ਧੋ ਕੱਢਦਾ। ਕਾਲਿਆਂ ਨਾਲ ਲਾਈ, ਧੌਲਿਆਂ ਨਾਲ ਲਿਬਾਹੀ, ਹੁਣ ਪੀਲਿਆਂ ਵੇਲੇ ਤੋੜਨ ਲੱਗਾ ਹੈਂ, ਆ ਪਾਪੀ ਕੁਛ ਤਰਸ ਕਰ।"

"ਹੇ ਮਨ! ਤੂੰ ਭਾਂਡਾ ਹੋਕੇ ਘੁਮਿਆਰ ਦੇ ਕੰਮਾਂ ਤੇ ਕਿੰਤੂ ਕਰਦਾ ਹੈਂ, ਦੱਸ ਤੂੰ ਕਿੱਧਰ ਦਾ ਸਤਿਸੰਗੀ ਹੈਂ। ਕੁਛ ਤਾਂ ਸ਼ਰਮ ਖਾਹ। ਸਤਿਗੁਰਾਂ ਨਾਲ ਸਾਕ, ਉਹ ਤਾਂ ਹੱਥੀਂ ਲਾਲਾਂ ਨੂੰ ਸ਼ਹੀਦ ਹੋਣ ਲਈ ਟੋਰਨ, ਤੂੰ ਹਾਂ ਕਰਨ ਜੋਗਾ ਨਹੀਂ ਤਾਂ ਸੁਣਕੇ ਹੀ ਖੁਰਨ ਜੋਗਾ ਹੈਂ? ਆ ਖਹਿੜਾ ਛੱਡ, ਰਸਤੇ ਪੌ।....ਓਹੋ! ਹੁਣ ਪਸਚਾਤਾਪ ਦਾ ਕੀ ਗੁਣ ਹੈ? ਜੋ ਸ੍ਵਾਸ ਨਾਮ ਤੋਂ ਖਾਲੀ ਆਏ ਸੋ ਵਜਰਥ ਗਏ, ਜੋ ਵਕਤ ਐਵੇਂ ਗਿਆ ਸੋ ਬਿਰਥਾ ਗਿਆ: ਹੁਣ ਪਛੁਤਾਇਆਂ ਤੇ ਰੋਇਆਂ ਉਹ ਗਿਆ ਵੇਲਾ ਨਹੀਂ ਮੁੜਦਾ, ਪਛੁਤਾਵੇ ਵਿਚ ਲਗਿਆਂ ਹੋਰ ਵੇਲਾ ਜਾਏਗਾ। ਤਾਂਤੇ ਹੇ ਮਨ ਹੁਣ ਲੱਗ ਪੌ।" ਇਹ ਕਹਿਕੇ ਮਾਈ ਨੇ ਇਕ ਕਸੀਸ ਵੱਟੀ। ਇਸ ਕਸੀਸ ਵੱਟਣ ਵਿਚ ਦੰਦਾਂ ਨੇ ਜੁੱਟ ਖਾਧੀ ਅਰ ਸਿਰ ਨੇ ਹਿਲੋਰਾ। ਇਕ ਬਿਜਲੀ ਦੀ ਰੌ ਵਾਂਗ ਅੰਦਰ ਕੜਾਕਾ ਵੱਜਾ ਅਰ ਰਜੋ ਤਮੋ ਦੇ ਸਾਰੇ ਕੂੜੇ ਉੱਡ ਗਏ। ਮਾਈ ਨਾਮ ਵਿਚ ਰੱਤੇ

ਭਾਵ ਵਿਚ ਆਕੇ ਸਿਮਰਣ ਵਿਚ ਲਗ ਪਈ। ਲੱਗੀ ਅਰ ਚੰਗੀ ਲਗੀ ਨਾਮ ਵਿਚ। ਸਰੀਰ ਭੀ ਸੁਖੀ ਹੋ ਗਿਆ। ਕੁਛ ਚਿਰ ਮਗਰੋਂ ਨੀਂਦ ਆ ਗਈ। ਹੇ ਮਾਈ! ਮਾਇਆ ਦਾ ਇਹ ਦਾਉ ਨਾ ਲੱਗਣ ਦੇਹ, ਪਰ **'ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ'** (ਆਸਾ: ਨਾਮ) ਦਾ ਇਕ ਮਾੜਾ ਜਿਹਾ ਠੌਂਕਾ ਲੱਗਾ, ਖਬਰੇ ਕੀ ਡਿੱਠਾ, ਜਾਗ ਖੁੱਲ੍ਹ ਗਈ, ਮਨ ਫੇਰ ਹਾਹੁਕੇ ਭਰ ਰਿਹਾ ਸੀ। ਫੇਰ ਮਾਈ ਅੰਦਰੋਂ ਤਕੜੀ ਹੋਕੇ ਲੱਗ ਪਈ। ਤ੍ਰਿਪਹਿਰਾ ਵੱਜ ਪਿਆ। ਇਸ ਵੇਲੇ ਜਾਗੀ ਤਾਂ ਅਡੋਲਤਾ ਵਿਚ ਸੀ, ਨਾਮ ਦੀ ਰੌ ਰਸਵਤੀ ਹੋਕੇ ਚਲ ਰਹੀ ਸੀ ਕਿ ਬਾਹਰੋਂ ਇਕ ਦਰਦ ਭਰੀ ਪਿਆਰੀ ਅਵਾਜ਼ ਆਈ:-

ਆਓ ਨੀ ਸਹੀਓ ਰਲ ਸੌਦੇ ਨੂੰ ਚੱਲੀਏ, ਆਪ ਵਪਾਰੀ ਹੋ ਆਇਆ।
ਲਾਲ ਲਿਆ ਸੀ ਮੈਂ ਮੁੱਲ ਸੁਵੱਲੇ, ਜੌਹਰੀ ਨੂੰ ਚਾ ਦਿਖਲਾਇਆ।
ਜੌਹਰੀ ਨੇ ਉਸਦੀ ਪਰਖ ਜੁ ਕੀਤੀ, ਪਰਖ ਖਜ਼ਾਨੇ ਪਾਇਆ।
ਮੁੱਲ ਪਿਆ ਮੁੱਲ ਏਹੋ ਨੀ ਸਹੀਓ! ਜੌਹਰੀ ਦੇ ਮੁੱਲ ਵਿਕਾਇਆ।
ਲਾਲ ਅਮੋਲਕ ਹੋਇਆ ਅਮੁੱਲਾ, ਜੌਹਰੀ ਨੇ ਮੁੱਲ ਵਧਾਇਆ।
ਆਪ ਵਧਾਇਓਸੁ ਆਪੇ ਸੂ ਭਰਿਆ, ਆਪ ਖਜ਼ਾਨੇ ਸੂ ਪਾਇਆ।
ਆਪਣੇ ਤੁੱਲ ਦਾ ਲਾਲ ਨੂੰ ਕੀਤੋਸੁ, ਏਸੇ ਭਾ ਲਾਲ ਵਿਕਾਇਆ।
ਲਾਲ ਗਿਆ ਮੈਨੂੰ ਕਹਿਣ ਅਪੁੱਤੀ, ਮੈਂ ਅੱਜ ਪੁੱਤਰ ਪਾਇਆ।
ਸਤਿਗੁਰ ਚਰਨਾਂ ਤੋਂ ਘੁੰਮ ਗਿਆ ਓ, ਸਫ਼ਲ ਹੋਯਾ ਪੁਤ ਆਇਆ।
ਮੈਂ ਸਫ਼ਲੀ ਹਾਂ ਨਾਲੇ ਹੀ ਹੋਈ, ਜਿਸਨੇ ਲਾਲ ਸੀ ਜਾਇਆ।
ਆਓ ਨੀ ਸਹੀਓ! ਰਲ ਸੌਦੇ ਨੂੰ ਚਲੀਏ, ਆਪ ਵਪਾਰੀ ਹੋ ਆਇਆ।

ਇਹ ਮਿੱਠੀ, ਪ੍ਰੇਮ, ਸ਼ਰਧਾ ਤੇ ਸਿਦਕ ਭਰੀ ਹੇਕ ਸੁਣਕੇ ਮਾਈ ਦੀ ਸੁਰਤ ਦਾ ਵੇਗ, ਜੁ ਹੁਣ ਆਪਣੇ ਟਿਕਾਣੇ ਸੀ, ਹੋਰ ਜੁੜਿਆ ਕਿ ਇੰਨੇ ਨੂੰ ਬੂਹਾ ਖੜਕਿਆ। ਸਖੀ ਨੇ ਖੋਲ੍ਹਿਆ ਤਦ ਛੰਮ ਛੰਮ ਕਰਦੀ ਇਕ 'ਮਾਂ' ਅੰਦਰ ਆ ਵੜੀ ਤੇ ਕਹਿੰਦੀ ਹੈ, "ਮੇਰੇ ਸਿਰਤਾਜ ਦੀ ਮਾਤਾ! ਮੈਨੂੰ ਵਧਾਈ ਦੇਹ ਤੇ ਮੈਂ ਤੈਨੂੰ ਦਿਆਂ, ਅੱਜ ਉਸ ਕਲਗੀਆਂ ਵਾਲੇ, ਬਾਜਾਂ ਵਾਲੇ ਦੇ ਉਤੋਂ ਤੇਰੀ ਕੁੱਖ ਦੀ ਬੱਚੜੀ ਦੇ ਸ਼ੇਰ ਬੱਚੇ ਸ਼ਹੀਦ ਹੋ ਗਏ ਤੇ ਇਸ ਨਿਕਾਰੀ ਦਾ ਜਾਇਆ ਭੀ ਉਹਨਾਂ ਪਿਆਰਿਆਂ ਦੇ ਚਰਨਾਂ ਤੋਂ ਵਾਰਿਆ ਘੋਲਿਆ ਮੈਨੂੰ ਸਪੁੱਤੀ ਕਰਕੇ ਸੱਚ ਖੰਡ ਜਾ ਵੱਸਿਆ।" ਇਸ ਰੰਗ ਰੱਤੜੀ ਦੇ ਬਚਨਾਂ ਦਾ ਕਿਆ ਅਚਰਜ ਅਸਰ ਹੋ ਗਿਆ ਹੈ; ਪੱਕੀ ਹੋਈ ਸੁਰਤ ਦੀ ਆਵਾਜ਼

ਮਾਈ ਦੀ ਸੁਰਤ ਨੂੰ ਅੱਖ ਦੇ ਫੋਰ ਵਿਚ ਪੁੱਠ ਚਾੜ੍ਹ ਗਈ।

ਮਾਈ ਨੇ ਆਵਾਜ਼ ਤੋਂ ਸਿਆਣ ਲਿਆ ਸੀ ਕਿ ਇਹ ਬੀਰ ਰਾਣੀ ਭਾਈ ਸੰਤ ਸਿੰਘ ਜੀ ਦੀ ਮਾਤਾ ਹੈ। ਮਾਈ ਸੁਣ ਚੁਕੀ ਸੀ ਕਿ ਇਸ ਦੇ ਸਿਦਕ ਦੇ ਪੂਰੇ ਸੱਚੇ ਅਨਿੰਨ ਭਗਤ ਪੁਤਰ ਨੇ ਕਿੱਕੂੰ ਆਪਣੀ ਜਾਨ ਸਤਿਗੁਰਾਂ ਤੋਂ ਵਾਰੀ ਹੈ*। ਹੁਣ ਮਾਈ ਨੂੰ ਸਮਝ ਆਈ ਕਿ ਲਾਹੇ ਦਾ ਸੌਦਾ ਵੇਚਕੇ ਕੌਣ ਆਇਆ ਹੈ? ਹੁਣ ਸਮਝੀ ਕਿ ਜੌਹਰੀ ਨੇ ਲਾਲ ਦਾ ਮੁੱਲ ਕਿੱਕੂੰ ਪਾਇਆ। ਚਮਕੌਰ ਵਿਚ ਭਾਈ ਸੰਤ ਸਿੰਘ ਜੀ ਨੂੰ ਗੱਦੀ ਦੇਕੇ: ਕਲਗੀ ਜਿਗਾ ਲਗਾ ਕੇ, ਆਪਣੀ ਥਾਂ ਥਾਪ ਕੇ ਸ੍ਰੀ ਗੁਰੂ ਜੀ ਉਸ ਪਿਆਰੇ ਸਿੱਖ ਅਤੇ ਹੋਰ ਸਿੱਖਾਂ ਦੇ ਵਾਸਤੇ ਪਾਉਣ ਪਰ ਨਿਕਲ ਗਏ ਸਨ। ਗੁਰੂ ਕੇ ਸਿੱਖ ਨੂੰ ਗੁਰੂ ਪਦਵੀ ਦੇ ਦਿੱਤੀ ਸੀ। ਲਾਲ ਐਉਂ ਜੌਹਰੀ ਦੇ ਘਰ ਬਹੁਤ ਮਹਿੰਗੇ ਮੁੱਲੋਂ ਵਿਕ ਗਿਆ ਸੀ। ਭਾਈ ਸੰਤ ਸਿੰਘ ਦੀ ਮਾਤਾ ਨਾਮ ਵਿਚ ਅਟੁੱਟ ਪੱਕ ਚੁੱਕੀ ਹੋਈ ਸੀ, ਮਰਨ ਜੀਵਣ ਦੀ ਘਾਟੀ ਦੇ ਦੁਸਾਰ ਪਾਰ ਦੇਖ ਚੁੱਕੀ ਸੀ। ਉਸ ਨੂੰ ਪੁੱਤ੍ਰ ਦਾ ਇਸ ਬੀਰਤਾ ਨਾਲ ਅਰ ਐਸੇ ਪਰਮ ਅਰਥ ਲਈ ਮਰ ਜਾਣਾ ਭਾਰੀ ਖੁਸ਼ੀ ਦਾ ਸਬੱਬ ਹੋ ਰਿਹਾ ਸੀ। ਇਹ ਗੱਲ ਨਹੀਂ ਸੀ ਕਿ ਪੁੱਤ ਦੇ ਮਰਨ ਨੇ ਮੋਹ ਦੀ ਲੈ ਵਿਚ ਹਿਲਾਊ ਨਹੀਂ ਪੈਦਾ ਕੀਤਾ, ਕੀਤਾ ਹੈ, ਪਰ ਹਲਕਾ ਜਿਹਾ। ਇਸਨੇ ਬਜਾਏ ਰੋਣ ਦੇ ਖੁਸ਼ੀ ਦਾ ਚੱਕਰ ਭਵਾ ਦਿੱਤਾ ਹੈ, ਪਰ ਇਸ ਹਿਲਾਉ ਨੇ ਤ੍ਰੱਕੀ ਦੇਣੀ ਹੈ ਕਿ ਅੱਜ ਤੋਂ ਬਾਦ ਭਾ: ਸੰਤ ਸਿੰਘ ਦੀ ਮਾਈ ਨੇ ਅਜਰ ਨੂੰ ਜਰ ਜਾਣ ਵਾਲੀ ਅਵਸਥਾ ਵਿਚ ਪਹੁੰਚ ਪੈਣਾ ਹੈ।

ਅੱਜ ਦੀ ਚਿੰਤਾ ਦੀ ਰਾਤ ਜੋ ਸਭਰਾਈ ਦੀ ਕੱਟਿਆਂ ਕਟੀਂਦੀ ਨਹੀਂ ਸੀ ਅਰ ਬੀਤਦਿਆਂ ਲੰਘਦੀ ਨਹੀਂ ਸੀ ਤੇ ਜੋ ਹੁਣ ਬੜੇ ਹੰਭਲੇ ਮਾਰ ਮਾਰਕੇ ਨਾਮ ਤੇ ਆ ਰਹੀ ਤੇ ਅਡੋਲ ਹੋ ਰਹੀ ਸੀ, ਹੁਣ ਇਸ ਮਾਈ ਦੇ ਸਹਾਰਨ ਦੇ ਹੌਂਸਲੇ ਨੂੰ ਵੇਖਕੇ, ਇਕ ਦਮ ਟਿਕਾਣੇ ਆ ਗਈ। ਅਜੇ ਥੋੜਾ ਹੀ ਚਿਰ ਹੋਇਆ ਸੀ ਕਿ ਸਤਿ-ਸੰਗੀਆਂ ਦੇ ਢੋਲਕੀਆਂ ਛੈਣਿਆਂ ਦੀ ਗੂੰਜ ਕੰਨੀ ਪਈ

---

*ਭਈ ਸੰਤ ਸਿੰਘ ਜੀ ਦੀ ਸੂਰਤ ਗੁਰੂ ਗੋਬਿੰਦ ਸਿੰਘ ਨਾਲ ਮਿਲਦੀ ਸੀ। ਚਮਕੌਰ ਦੇ ਘੇਰੇ ਵਿਚੋਂ ਇਸ ਨੇ ਸਤਿਗੁਰ ਨੂੰ ਟੋਰ ਦਿਤਾ ਸੀ ਤੇ ਆਪ ਕਲਗੀ ਜਿਗਾ ਲਾਕੇ ਦੂਏ ਦਿਨ ਸ਼ਹੀਦ ਹੋਇਆ। ਸ਼ਤਰੂ ਦਲ ਖੁਸ਼ ਹੋ ਗਿਆ ਕਿ ਅਸੀਂ ਗੁਰੂ ਜੀ ਨੂੰ ਮਾਰ ਲਿਆ ਹੈ। ਭਾਈ ਸੰਤ ਸਿੰਘ ਇਸ ਤਰ੍ਹਾਂ ਸਤਿਗੁਰਾਂ ਤੋਂ ਸ਼ਹੀਦ ਹੋਏ ਸੇ। ਆਪ ਪੱਟੀ ਦੇ ਰਹਿਣ ਵਾਲੇ ਸੇ।

ਅਰ ਸੰਗਤ ਦਾ ਡੇਰਾ ਆ ਲੱਗਾ, ਦੀਵਾਨ ਸਜ ਗਿਆ, ਆਸਾ ਦੀ ਵਾਰ ਲੱਗ ਪਈ।

ਮਾਈ ਦੀ ਸੁਰਤਿ ਅਡੋਲ ਉੱਚੇ ਮੰਡਲ ਵਿਚ ਜਾ ਟਿਕੀ। ਸਰੀਰ ਹੌਲਾ ਫੁੱਲ ਹੈ, ਸਗੋਂ ਅੱਜ ਸੁਰਿਤ ਹੀ ਸੁਰਤਿ ਦਾ ਚਾਨਣ ਪਸਰ ਰਿਹਾ ਹੈ, ਸਰੀਰ ਦਾ ਭਾਉ ਹੀ ਯਾਦ ਨਹੀਂ ਰਿਹਾ। ਇਸ ਤਰ੍ਹਾਂ ਬੀਤ ਗਈ ਅਰ ਬੀਤ ਗਈ ਨਾਮ ਦੀ ਸ਼ਰਨਾਗਤ ਮਾਤਾ ਦੀ ਚੌਥੀ ਰਾਤ।

# ਪੰਜਵੀਂ ਰਾਤ

**ਸਭਰਾਈ** ਪਰਮਾਰਥ ਦੇ ਰਸਤੇ ਤੁਰ ਰਹੀ ਹੈ, ਉਹ ਆਪਣੇ ਜੀਵਨ ਨੂੰ ਕਿਸੇ ਸੁਹਣੇ ਸੰਚੇ ਵਿਚ ਢਾਲ ਰਹੀ ਤੇ ਵਰਤੋਂ ਸਿਖ ਰਹੀ ਹੈ, ਅਮਲ ਸਿੱਖ ਰਹੀ ਹੈ ਸਿੱਖੀ ਜੀਵਨ ਦਾ। ਹਾਂ, ਓਹ ਉਹ ਕੁਛ ਬਣ ਰਹੀ ਹੈ, ਜਿਸ ਨੂੰ 'ਸਿਖ' ਕਹਿੰਦੇ ਹਨ। ਜਿਨ੍ਹਾਂ ਦਾ ਵਰਤਾਰਾ ਤੇ ਅਮਲ ਐਸਾ ਹੁੰਦਾ ਹੈ ਕਿ ਉਹ ਉਸ ਨਮੂਨੇ ਤੇ ਪੂਰਾ ਉਤਰਦਾ ਹੈ, ਜੋ ਨਮੂਨਾ ਕਿ ਆਦਮੀ ਲਈ ਇਕ ਆਦਰਸ਼ ਹੈ, ਜੋ ਸਤਿਗੁਰੂ ਨੇ ਦਸਿਆ ਹੈ। ਮਾਈ ਇਕ ਨਮੂਨਾ ਬਣ ਰਹੀ ਹੈ, ਜੋ ਸਤਿਗੁਰ ਨੇ ਬਨਾਇਆ ਸੀ। ਸਤਿਗੁਰਾਂ ਨੇ ਆਦਮੀ ਨੂੰ ਇਕ ਜੀਵਨ ਦਾ ਨਮੂਨਾ ਦਿਤਾ ਸੀ ਤੇ ਉਸ ਨਮੂਨੇ ਦੇ ਆਦਮੀ ਬਨਾਏ ਜੋ ਆਪਣੇ ਲਈ ਸੁਖ ਰੂਪ ਤੇ ਜੱਗ ਲਈ ਸੁਖਦਾਈ ਹੋਏ। ਹੁਣ ਜੋ ਟੁਰੇਗਾ, ਅਮਲ ਕਰੇਗਾ, ਉਸ ਦਾ ਜੀਵਨ ਦਿਮਾਗੀ ਤੇ ਖਿਆਲੀ ਤਸਵੀਰਾਂ ਨਾਲੋਂ ਕੁਛ ਅੱਡਰਾਪਨ ਦੱਸੇਗਾ। ਉਸਦੇ ਅੱਗੇ ਅਮਲੀ ਮੁਸ਼ਕਲਾਂ ਨੇ ਔਣਾ ਹੈ ਤੇ ਉਸ ਵੇਲੇ ਪਤਾ ਲੱਗਣਾ ਹੈ ਕਿ 'ਅੰਦਰਲਾ' ਕਿੰਨਾਂ ਕੁ ਆਪਣੇ ਆਪੇ ਤੇ ਅਰ ਆਪਣੇ ਕੇਂਦਰ ਦੇ ਆਸਰੇ ਤੇ ਟਿਕਿਆ ਹੈ, ਕਿੰਨਾਂ ਭਰੋਸਾ ਅਕਾਲ ਪੁਰਖ ਤੇ ਆਯਾ ਹੈ ਤੇ ਆਪਣੇ ਅਸਲੀ ਆਪੇ ਦੇ ਆਸਰੇ ਵਾਹਿਗੁਰੂ ਜੀ ਤੇ ਟਿਕਿਆ ਹੈ। ਹੁਣ ਜੋ ਦ੍ਰਿਸ਼ਟਮਾਨ ਦੇ ਰੰਗ ਵਟੀਜ ਰਹੇ ਹਨ ਤੇ ਅਦਲਾ ਬਦਲੀ ਜਾਰੀ ਹੈ, ਏਹ ਉਸ ਦੇ ਅੰਦਰਲੇ ਟਿਕ ਗਏ ਟਿਕਾਉ ਨੂੰ ਆਪਣੇ ਨਾਲ ਹਿਲਾ ਹਿਲਾਕੇ ਦੁਖੀ ਨਹੀਂ ਕਰ ਰਹੇ ਤੇ ਅੰਧਕਾਰ ਵਿਚ ਨਹੀਂ ਸਿੱਟ ਰਹੇ। ਹਾਂ, ਇਹ ਅਮਲੀ ਜੀਵਨ ਕਠਨ ਘਾਟੀ ਹੈ। ਪ੍ਰਾਣਪਤੀ ਦਾ ਵਿਯੋਗ, ਪਿਆਰੀ ਧੀ ਦਾ ਵਿਯੋਗ, ਪਿਆਰੇ ਦੁਹਤਿਆਂ ਦਾ ਵਿਯੋਗ, ਵਾਹਿਗੁਰੂ ਦੇ ਰੰਗ ਰੱਤੇ ਇਲਾਹੀ ਰੌਆਂ ਵਾਲੇ ਜਵਾਈ ਤੇ ਸਤਿਗੁਰ ਦੇ ਖੇਦ ਸੁਣਕੇ ਚਿੱਤ ਕਿਵੇਂ ਅਡੋਲ ਰਹਿ ਸਕਦਾ ਹੈ?

ਸੋ ਭਾਵੇਂ ਮਾਈ ਦਾ ਅੰਤ੍ਰੀਵ ਪ੍ਰੇਮ, ਜੋ ਗੁਰ ਸਿੱਖੀ ਵਾਲਾ ਹੈ, ਉਸਨੂੰ ਵਿਆਕੁਲ ਕਰਦਾ ਹੈ, ਪਰ ਕੀਕੂੰ ਮਾਈ ਇਸ ਮਨ ਦੇ ਹੱਥੋਂ ਛੁਟਕਾਰਾ ਪਾਉਂਦੀ ਹੈ? ਕੀਕੂੰ ਹੰਭਲੇ ਮਾਰਕੇ ਨਿਕਲਦੀ ਤੇ ਰਜ਼ਾ ਪਰ ਆ ਖੜੋਂਦੀ ਹੈ।

ਰਜ਼ਾ ਇਸ ਗੱਲ ਦਾ ਨਾਉਂ ਨਹੀਂ ਕਿ ਖਰਬੂਜ਼ੇ ਦਰਿਆ ਵਿਚ ਰੁੜ੍ਹ ਗਏ, ਫੜੇ ਜਾਂਦੇ ਨਹੀਂ, ਚਿੱਤ ਉਦਾਸ ਹੈ, ਸੁਰਤਿ ਦੀ ਕਲਾ ਢਹਿ ਪਈ ਹੈ ਤੇ ਮੂੰਹ ਕਹਿ ਰਿਹਾ ਹੈ 'ਹੱਛਾ ਤੇਰੀ ਰਜ਼ਾ!' ਇਹ ਅਸਲ ਰਜ਼ਾ ਨਹੀਂ, ਰਜ਼ਾ ਇਹ ਹੈ:-

**ਨਾਮ ਦਾ ਰਸ ਪ੍ਰਾਪਤ ਹੋਵੇ**
**ਨਾਮ ਸੁਰਤਿ ਨੂੰ ਉੱਚੇ ਘਰ ਰੱਖੀ**
**ਰਸ ਵਿਚ ਲੈ ਜਾਂਦਾ ਹੋਵੇ,**

ਜਦੋਂ ਮੌਕਿਆ ਆ ਬਣੇ ਕਿ ਰਜ਼ਾ ਮੰਨਣੀ ਹੈ, ਤਦ ਸੁਰਤਿ ਉਸੇ ਸੁਖ ਵਿਚ ਚੜ੍ਹਦੀ ਕਲਾ ਵਿਚ ਰਹੇ ਤੇ ਜੋ ਸਿਰ ਤੇ ਆ ਬਣੀ ਹੈ ਉਸ ਤੇ ਕਹੇ:-

'ਤੇਰੀ ਰਜ਼ਾ!'

ਜੀਉ! ਇਕ ਹੋਰ ਵੀ 'ਤੇਰੀ ਰਜ਼ਾ' ਦਾ ਤਰਲਾ ਹੈ ਕਿ ਸੁਰਤਿ ਢਹਿ ਪਵੇ, ਮਨ ਦੁਖੀ ਹੋ ਜਾਵੇ, ਪਰ ਤਤਕਾਲ ਯਤਨ ਵਿਚ ਲੱਗ ਪਵੇ ਕਿ ਮਨ ਵਿਚ 'ਜੋ ਨਾਮ ਦਾ ਰਸ' ਸੀ ਉਹ ਕਿਧਰ ਗਿਆ? ਜੋ ਅੰਦਰਲੇ ਟਿਕਾਉ ਦਾ ਸੁਆਦ ਆ ਰਿਹਾ ਸੀ, ਉਹ ਕਿਉਂ ਹਿੱਲ ਗਿਆ ਹੈ? ਉਹ ਮੁੜ ਪਰਤਕੇ ਅੰਦਰ ਆਵੇ, ਉਸੇ ਤਰ੍ਹਾਂ ਅੰਦਰ 'ਅੰਦਰਲਾ' ਟਿਕ ਜਾਵੇ, ਨਾਮ ਦੇ ਰਸ ਦੀ ਤ੍ਰੰਗ ਟੁੱਟੇ ਨਹੀਂ, ਟੁੱਟੇ ਤਾਂ ਮੁੜ ਜੋੜਨ ਦਾ ਤਰਲਾ ਨਾ ਟੁੱਟੇ। ਫੇਰ ਤੇਰੀ ਰਜ਼ਾ ਠੀਕ ਹੈ। ਇਉਂ ਕਰਦਿਆਂ ਤੱਕੁਲਾ ਰਾਸ ਹੋ ਜਾਵੇ, ਨਾਮ ਮਿੱਠਾ ਲੱਗਣ ਲੱਗ ਜਾਵੇ, ਕਹਿਣ ਦੀ ਲੋੜ ਨਹੀਂ ਫੇਰ ਸੱਚ ਮੁੱਚ ਮੰਨੀ ਗਈ ਤੇ ਹੋ ਗਈ:-

'ਤੇਰੀ ਰਜ਼ਾ'

ਸੋ ਮਾਈ ਅਮਲੀ ਜੀਵਨ ਵਿਚ ਟੁਰ ਰਹੀ ਹੈ ਤੇ ਵਾਪਰ ਰਹੇ ਹਨ ਕਸ਼ਟ ਅਰ ਅਸਹਿ ਕਸ਼ਟ। ਇਕ ਮੁਕਦਾ ਨਹੀਂ ਉਤੋਂ ਇਕ ਹੋਰ ਆ ਜਾਂਦਾ ਹੈ। ਮਾਈ ਸੱਟ ਖਾ ਕੇ ਢਹਿੰਦੀ ਹੈ, ਪਰ ਫੇਰ ਉਠ ਖਲੋਂਦੀ ਹੈ ਤੇ ਸਾਵਧਾਨ ਹੋ ਜਾਂਦੀ ਹੈ। ਹਰ ਸੱਟ ਦੇ ਬਾਦ ਜੋ ਫਤਹ ਉਹ ਮਨ ਤੇ ਪਾਉਂਦੀ ਹੈ; ਉਸ ਨੂੰ ਵਧੀਕ ਤੋਂ ਵਧੀਕ ਤਕੜਿਆਂ ਬਣਾ ਰਹੀ ਹੈ। ਇਹ ਤਕੜਾਈ 'ਖੁਸ਼ਕ ਨਿਰਮੋਹਤਾ' ਨਹੀਂ। ਜੇ ਜੀਵਨ ਦਾ ਆਦਰਸ਼ 'ਖੁਸ਼ਕ ਨਿਰਮੋਹਤਾ' ਹੈ, ਤਾਂ ਪੱਥਰ ਤੇ ਬ੍ਰਿਛ ਨਿਰਮੋਹ ਬੈਠੇ ਤੇ ਖੜੇ ਪਏ ਦਿੱਸਦੇ ਹਨ। ਪਸ਼ੂ ਮੋਹ ਦੇ ਜਾਣੂੰ ਹਨ, ਪਰ ਸਮੇਂ ਨਾਲ ਨਿਰਮੋਹ ਹੋ ਜਾਂਦੇ ਹਨ, ਉਹਨਾਂ ਵਿਚ 'ਭੁੱਲ' ਜਾਣਾ ਮੋਹ ਨੂੰ ਜਿੱਤ ਲੈਂਦਾ ਹੈ, ਪਰ ਇਹ ਅੰਦਰਲੇ ਦੀ ਉਚਜਾਈ ਨਹੀਂ।

ਅਸਾਂ ਮਨ ਤੇ ਫਤਹ ਪਾਉਣੀ ਹੈ ਉਚੇ ਰਸ ਨਾਲ, ਉੱਚੇ ਟਿਕਾਉ ਨਾਲ, ਉੱਚੇ ਰੱਬੀ ਪਿਆਰ ਨਾਲ। ਮਨ ਤੇ ਫਤਹ ਪਾਕੇ ਜੜ੍ਹ ਪੱਥਰ ਨਹੀਂ ਹੋ ਜਾਣਾ, ਪਰ ਕਿਸੇ ਜੀਉਂਦੇ ਪਯਾਰ ਵਿਚ ਰੰਗੀਜਣਾਂ ਹੈ ਕਿ ਜਿਥੇ ਦ੍ਰਿਸਟੀ ਨੇ ਉਚੇ ਮੰਡਲਾਂ ਵਿਚ ਜਾਕੇ ਸੱਚੇ ਸਤਿਸੰਗ ਤੇ ਫੇਰ ਰੱਬੀ ਅਸਲੇ ਨੂੰ ਅਨੁਭਵ ਕਰਕੇ ਸਦਾ ਸੁਖ ਵਿਚ ਵਾਸਾ ਪਾਉਣਾ ਹੈ। ਕੀ ਸਭਰਾਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਸ਼ਟ ਤੇ ਸਾਹਿਬਜ਼ਾਦਿਆਂ ਦੇ ਦੁਖ ਸੁਣਕੇ ਹੱਸੇ ਤੇ ਖੁਸ਼ ਹੋਵੇ ਯਾ ਦੁਖ ਪ੍ਰਤੀਤ ਨਾਂ ਕਰੇ? ਇਹ ਜੜ੍ਹ ਜੀਵਨ ਹੈ। ਹਾਂ ਜੀਵਨ ਇਹ ਹੈ ਕਿ ਉਸਦੀ ਸੁਰਤ ਰੱਬ ਦੀ ਸੁਰਤ ਨਾਲ ਇਕ ਸੁਰ ਹੋਵੇ। ਸੋ ਸਾਈਂ ਦੀ 'ਰਜ਼ਾ' ਸੁਰ ਕੱਢ ਰਹੀ ਹੈ, ਉਹ ਸੁਰ ਮਾਈ ਦੀ ਮਰਜ਼ੀ ਕੱਢੇ। ਉਹ ਉੱਚੀ ਹੋਕੇ ਤੱਕੇ ਤੇ ਉਸ ਮਹਾਨ ਪ੍ਰਯੋਜਨ ਨੂੰ ਸਮਝੇ, ਜਿਸ ਲਈ ਸਭ ਕੁਛ ਹੋ ਰਿਹਾ ਤੇ ਵਰਤ ਰਿਹਾ ਹੈ। ਉਹ ਮਹਾਨ ਰਜ਼ਾ ਨੂੰ ਸਮਝੇ ਜੋ ਇਹ ਕੁਝ ਵਰਤਾ ਰਹੀ ਹੈ। ਇਹ ਵੇਖਕੇ ਮਾਈ ਦੇ ਅੰਦਰੋਂ ਅੰਦਰਲੇ ਦਾ ਟਿਕਾਉ, ਅੰਦਰਲੇ ਵਿਚ ਨਾਮ ਦਾ ਰਸ, ਮਹਾਂ ਰਸ, ਨਾਮ ਮਹਾਂ ਰਸ ਦੀ ਸ੍ਵਾਦੀਕ ਲਹਿਰ ਬੰਦ ਨਾ ਹੋਵੇ। ਉਹ ਸੂਰਜ ਦੀ ਚਮਕਦੀ ਟਿੱਕੀ ਵਿਚ ਖੜੋਕੇ ਰੱਬੀ ਜਲਾਲ ਤੇ ਉਸਦੇ ਕੌਤਕਾਂ ਨੂੰ ਤੱਕੇ ਤੇ ਜਲਾਲ ਨਾਲ ਭਰੀ ਜਾਵੇ।

ਮਾਈ ਟੁਰ ਰਹੀ ਹੈ ਰੱਬ ਦ ਰਸਤੇ। ਪਰਤਾਵੇ ਤੇ ਪਰਤਾਵਾ ਆ ਰਿਹਾ ਹੈ ਕਿ ਮਾਈ ਦੇ ਮਨ ਉਤੇ ਕੋਈ ਪਰਤਾਵਾ ਫ਼ਤਹ ਪਾਕੇ ਉਸ ਨੂੰ ਨਾਸ਼ੁਕਰੀ, ਢਹਿੰਦੀਆਂ ਕਲਾਂ, ਉਦਾਸੀ, ਗ਼ਮ, ਚਿੰਤਾ, ਅਗਿਆਨ, ਅਵਿਦਜਾ ਦੇ ਹਨੇਰੇ, ਯਾ ਭੁੱਲ (ਜੋ ਕੁਛ ਚਾਹੇ ਕਹੋ) ਵਿਚ ਲੈ ਜਾਵੇ, ਪਰ ਮਾਈ ਹੰਭਲਾ ਮਾਰ ਰਹੀ ਹੈ ਕਿ ਉਸਦਾ ਆਪਾ ਮਨ ਉਤੇ ਫ਼ਤਹ ਪਾਕੇ ਚੋਜੀ ਵਾਹਿਗੁਰੂ ਦੇ ਚੋਜ ਤੱਕੇ, ਸਾਵਧਾਨ ਤੇ ਉਚੀ ਰਹੇ। 'ਉਨਮਨ' ਰਹੇ (ਉਨ=ਉੱਚਾ + ਮਨ=ਦਿਲ) ਦਿਲ ਤੋਂ ਉੱਚੀ ਰਹੇ। ਉਨਮਨ ਅਵਸਥਾ ਇਹੀ ਹੈ ਕਿ ਆਪਾ-ਸਾਡਾ ਅੰਦਰਲਾ-ਮਨ ਤੋਂ ਉੱਚੀ ਰਸ ਭਰੀ ਦਸ਼ਾ ਵਿਚ ਰਹੇ।

ਮਾਈ ਸਤਿਗੁਰਾਂ ਦੇ ਸਲਾਮਤ ਨਿਕਲ ਜਾਣ ਦੇ ਹਾਲ ਸੁਣਕੇ ਤਾਂਘਾਂ ਵਿਚ ਜਾਂਦੀ ਹੈ ਕਿ ਸਲਾਮਤੀ ਦੀ ਸੋ ਕੰਨੀ ਪਵੇ ਕਿ ਪਿਆਰੇ ਜੀ ਕਿਤੇ ਸੁਖ ਦੇ ਥਾਂ ਅੱਪੜ ਗਏ ਹਨ। ਚਿਤ ਠੰਢ ਵਿਚ ਹੈ, ਨਾਮ ਦੀ ਰਸ ਭਰੀ ਰੌ ਜਾਰੀ ਹੈ, ਸ਼ਾਂਤਿ ਹੈ, ਮੱਧਮ ਉਮਾਹ ਹੈ ਪਰ ਉਛਾਲਾ ਨਹੀਂ, ਤਾਂਘ ਉਨ੍ਹਾਂ ਦੀ ਸਲਾਮਤੀ ਦੀ ਉੱਠਦੀ ਹੈ ਤੇ ਜਦੋਂ ਇਹ ਤਾਂਘ ਵਿਆਕੁਲਤਾ ਵੱਲ ਝੁਕਣ ਲੱਗਦੀ ਹੈ ਤਾਂ ਮਾਈ ਅਰਦਾਸ ਕਰਦੀ ਹੈ ਕਿ 'ਹੇ ਅਕਾਲ ਪੁਰਖ! ਆਪਣੇ

ਨਿਵਾਜੇ ਪੁੱਤ ਨੂੰ ਆਪ ਰੱਖੀਂ'। ਜਦੋਂ ਅਰਦਾਸ ਵਿਚ ਘਾਟ ਯਾ ਟੋਟ ਪੈਣ ਲਗੇ ਤਾਂ ਮਾਈ ਬਾਣੀ ਦਾ ਪਾਠ ਮਧੁਰ ਧੁਨਿ ਨਾਲ ਕਰਦੀ ਹੈ, ਪਿਆਰੇ ਦੀ ਸਿਫ਼ਤ ਸਲਾਹ ਵਿਚ ਜਾ ਵੱਸਦੀ ਹੈ, ਗੁਣ ਗਾਇਣ ਕਰੀ ਜਾਂਦੀ ਹੈ ਕਿ ਸਤਿਗੁਰੂ ਸਮਰੱਥ ਹੈ, ਪੂਰਨ ਹੈ, ਸਭ ਉਸ ਦੇ ਚੋਜ ਹਨ, ਉਹ ਚੋਜੀ· ਹੈ, ਅਰ ਸਰਬ ਸਮਰੱਥ ਹੈ। ਐਸੇ ਯਸ਼ ਕਰਦੀ ਯਸ਼ ਦੇ ਮੰਡਲ ਵਿਚੋਂ ਲੰਘਦੀ, ਫੇਰ "ਰਾਮ ਰਸ" ਵਿਚ ਅਡੋਲ ਹੋ ਜਾਂਦੀ ਹੈ।

ਕੁਝ ਦਿਨ ਲੰਘੇ ਤਾਂ ਫੇਰ ਖਬਰ ਆਈ ਕਿ "ਸਤਿਗੁਰ ਸਲਾਮਤ ਦੀਨੇ ਪੁੱਜ ਗਏ ਹਨ।" ਪਰ ਨਾਲ ਹੀ ਮੁਕਤਸਰ ਦਾ ਸਾਕਾ ਸੁਣਿਆ ਗਿਆ। ਕੀਕੂੰ ਮਾਝੇ ਦੇ ਪਿਆਰੇ ਸਿਖ ਸ਼ਹੀਦ ਹੋ ਗਏ? ਕੀਕੂੰ ਓਹ ਗੁਰੂ ਜੋਤਿ ਪਰ ਨੁਛਾਵਰ ਹੋਕੇ 'ਮੁਕਤਸਰ' ਆਪਣੀ ਨਿਸ਼ਾਨੀ ਜਗਤ ਪਰ ਛੱਡ ਗਏ ਹਨ? ਕੀਕੂੰ ਸਤਿਗੁਰ ਨੇ ਚਮਕੌਰ ਤੋਂ ਲੈਕੇ ਉਥੋਂ ਤਕ ਖੇਦ ਝੱਲੇ ਤੇ ਕੀਕੂੰ ਮਾਲਵੇ ਪੁੱਜੇ ਹਨ? ਹਾਂ ਜੀ, ਏਥੇ ਹੀ ਬੱਸ ਨਹੀਂ, ਨਾਲ ਇਹ ਖਬਰ ਪੁੱਜੀ ਕਿ-ਛੋਟੇ ਦੋਵੇਂ ਲਾਲ ਸਰਹਿੰਦ ਵਿਚ ਕੀਕੂੰ ਸ਼ਹੀਦ ਹੋਏ ਹਨ ਤੇ ਕੀਕੂੰ ਕਸ਼ਟ ਸਹਿਕੇ ਉਹਨਾਂ ਨੇ ਪ੍ਰਾਣ ਦਿਤੇ ਹਨ ਪਰ ਧਰਮ ਨਹੀਂ ਦਿਤਾ। ਸਾਰੇ ਸਾਕੇ ਵਿਸਥਾਰ ਨਾਲ ਸੁਣੇ, ਸੁਣਕੇ ਇਕ ਚੱਕਰ ਆਇਆ। ਐਸਾ ਚੱਕਰ ਆਇਆ ਕਿ ਆਪਾ ਭੁੱਲ ਗਿਆ। ਮਾਈ ਨੇ ਬੂਹੇ ਮਾਰ ਲਏ, ਮੂਧੜੇ ਮੂੰਹ ਲੰਮੇ ਪੈ ਗ਼ਈ ਅਰ ਪਹਿਰ ਰਾਤ ਗਈ ਤਕ ਬੇਸੁਧ ਪਈ ਰਹੀ। ਸੱਜਣ ਸੰਬੰਧੀ ਆਏ, ਬੂਹੇ ਖੜਕਾਏ ਪਰ ਮਾਈ ਨੇ ਨਾ ਸੁਣਿਆ ਨਾ ਆਵਾਜ਼ ਦਿੱਤੀ। ਸਭ ਮੁੜ ਮੁੜ ਗਏ, ਮੁੜ ਮੁੜ ਆਏ ਫੇਰ ਮੁੜ ਮੁੜ ਗਏ।

ਪਹਿਲੇ ਪਹਿਰ ਬੀਤੇ ਤੇ ਮਾਈ ਦੀ ਮੂਰਛਾ ਖੁੱਲ੍ਹੀ। ਲੰਮਾ ਸਾਹ ਆਇਆ: 'ਮਨਾ! ਮੈਂ ਕਿੱਥੇ ਸਾਂ ਤੇ ਕਿੱਥੇ ਹਾਂ? ਕੀਹ ਹੋਇਆ, ਸੰਸਾਰ ਕਾਲਾ ਹੈ, ਕੁਛ ਬਾਕੀ ਹੈ ਹੀ ਨਹੀਂ?' ਪਰ ਪਲ ਮਗਰੋਂ ਅੱਖਾਂ ਅੱਗੇ ਕੰਧ, ਕੰਧ ਵਿਚ ਚਿਣੀਂਦੇ ਦੁਹਿਤੇ, ਜਲਾਦ ਤਲਵਾਰ ਖਿੱਚੀ ਸਿਰ ਤੇ ਖੜੇ ਨਜ਼ਰ ਪਏ, ਮਾਈ ਬੇਤਾਬ ਹੋ ਗਈ। ਫੇਰ ਮਮਤਾ ਨੇ ਜ਼ੋਰ ਦਿੱਤਾ ਤੇ ਨਜ਼ਰ ਸਾਹਿਬਜ਼ਾਦਿਆਂ ਦੇ ਚਿਹਰੇ ਪਰ ਟਿਕੀ, ਹੋਰ ਟਿਕੀ, ਟਿਕਦੀ ਟਿਕਦੀ ਟਿਕ ਗਈ ਤਾਂ ਉਹ ਮਾਸੂਮ, ਨਿਤਾਣੇ ਬੱਚੇ ਜ਼ੋਰਾਵਰਾਂ ਦੇ ਅੱਗੇ ਭੇਡ ਬੱਕਰੀ ਵਾਂਗੂ ਕੁਹੀਣ ਲਈ ਪਰਵੱਸ ਬੇਵੱਸ ਖੜੇ ਚਿਣੀਣ ਦਾ ਥਾਂ ਐਉਂ ਦਿੱਸੇ ਜਿਕੂੰ ਤੇਜ ਭਰੇ ਦੋ ਸੂਰਜ ਖੜੇ ਹਨ। ਚਿਹਰੇ ਸਹਿਮ ਵਾਲੇ ਨਹੀਂ, ਤਕੜੇ ਹਨ, ਨੂਰ ਝਰ ਰਿਹਾ ਹੈ। ਡਰ ਨਹੀਂ ਰਹੇ, ਪਰ ਅਭੈ ਹਨ, ਮੌਤ ਨੂੰ ਮਖੌਲ ਨਾਲ ਤੱਕ ਰਹੇ ਹਨ।


www.sikhbookclub.com

ਮਾਈ ਦਾ ਧਿਆਨ ਜੁੜਦਾ ਗਿਆ ਤੇ ਬੱਚਿਆਂ ਦਾ ਜਲਾਲ ਤੇ ਤੇਜ ਵਧਦਾ ਗਿਆ। ਕੁਝ ਚਿਰ ਬੀਤਿਆ ਮਾਈ ਦਾ ਟਿਕਾਉ ਹਿੱਲਿਆ, ਕੀ ਵੇਖਦੀ ਹੈ ਕਿ ਦਿਲ ਖੜੋ ਗਿਆ ਹੈ, ਹਾਵਾ ਨਹੀਂ ਰਿਹਾ, ਬੋਲੀ : 'ਉਠ ਹੇ ਪਾਪੀ ਮਨ! ਦੇਖ ਤੇਜ ਦੇ ਪੁੱਤਰ ਤੇ ਜਲਾਲ ਦੇ ਵਾਰਸ ਸ੍ਰਿਸ਼ਟੀ ਦਾ ਭਾਰ ਹਰ ਰਹੇ ਹਨ ਤੇ ਤੂੰ ਸਮਝ ਰਿਹਾ ਹੈਂ ਕਿ ਇਹ ਨਿਤਾਣੇ ਬਾਲ ਕੋਹੇ ਗਏ ਤੇ ਮਾਂ ਪਿਉ ਤੋਂ ਵਿਛੁੜੇ ਜ਼ਾਲਮਾਂ ਦੇ ਹੱਥ ਵਿਚ ਨਿਰਦਯਤਾ ਨਾਲ ਮਾਰੇ ਗਏ। ਤੇਰੀ ਭਾਰੀ ਭੁੱਲ ਹੈ। ਹੇ ਪਾਪੀ ਮਨ! ਤੂੰ ਕਦੇ ਨਾ ਸਾਨੂੰ ਆਪਣੇ ਉਚੇਰੇ ਸੁਖ ਵਿਚ ਜਾਣ ਦਿਤਾ, ਸਦਾ ਆਪਣੇ ਸੁਆਦਾਂ ਤੇ ਆਪਣੇ ਕਸ਼ਟਾਂ ਵਿਚ ਨੱਪੀ ਰਖਿਆ।' (ਠੰਢਾ ਸਾਹ ਲੈਕੇ) 'ਵਾਹ ਵਾਹ! ਚਾਨਣ ਦੇ ਜਾਇਓ ਲਾਲ ਬੱਚਿਓ! ਧੰਨ ਤੁਸੀਂ, ਧੰਨ ਕਰਨੀ, ਧੰਨ ਪਿਤਾ, ਧੰਨ ਮਾਤਾ, ਧੰਨ ਮੈਂ! ਠੀਕ ਮੈਂ ਭੀ ਧੰਨ, ਤੁਸਾਂ ਨਾਲ ਮੇਰਾ ਭੀ ਖ਼ੂਨ ਦਾ ਰਿਸ਼ਤਾ ਹੈ; ਮੈਂ ਭੀ ਧੰਨ। ਇਸ ਦਰਸ਼ਨ ਵਿਚ ਸੁਰਜੀਤ ਹੋਕੇ ਮਾਈ ਉਠੀ, ਧਨ! ਧੰਨ!! ਧੰਨ!!! ਦੀ ਸੁਰ ਮੂੰਹ ਤੇ ਹੈ ਤੇ ਤੇਜ ਹੈ, ਜਲਾਲ ਦਾ ਝਲਕਾ ਆਲੇ ਦੁਆਲੇ ਦਿੱਸ ਰਿਹਾ ਹੈ ਉੱਠੀ। ਮੂੰਹ ਹੱਥ ਧੋਤਾ, ਬੂਹਾ ਖੁਹਲਿਆ, ਚੰਦ ਦਾ ਚਾਨਣਾ ਵਿਹੜੇ ਵਿਚ ਪੈ ਰਿਹਾ ਸੀ, ਵੇਖਕੇ ਬੇਵੱਸ ਕੂਕ ਉੱਠੀ-

– "ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ।।
ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ।।"
(ਚਓਬੋਲੇ: ਮ: ੫-੪)

ਵਿਹੜੇ ਵਿਚ ਨਿਰਾ ਅਕਾਸ਼ਾਂ ਦਾ ਚੰਦ ਹੀ ਨਹੀਂ ਸੀ, ਕਲਗੀਆਂ ਵਾਲੇ ਦੇ ਚਾਰ ਚੰਦ ਭੀ ਬੈਠੇ ਸਨ। ਇਹ ਚੰਦ ਸਤਿਸੰਗੀ ਸਨ, ਮਾਈਆਂ ਤੇ ਸਿੰਘ ਸਨ। ਬੈਠੇ ਸਨ ਕਿ ਜਦ ਮਾਈ ਬੂਹਾ ਖੁਹਲੇਗੀ ਤਦੋਂ ਹੀ ਸਹੀ, ਸਾਨੂੰ ਵੇਖਕੇ ਮਾਈ ਉਸ ਵੇਲੇ ਇਕੱਲ ਵਿਚ ਹੋਰ ਉਦਾਸ ਨਾ ਹੋਵੇਗੀ। ਜਦੋਂ ਇਨ੍ਹਾਂ ਨੇ ਡਿੱਠਾ ਕਿ ਮਾਈ ਗੁਰਬਾਣੀ ਗਾਉਂਦੀ ਨਿਕਲੀ ਹੈ, ਖਿੜ ਗਏ। ਮਾਈ ਨੇ ਫ਼ਤਹ ਗਜਾਈ ਤੇ ਅਖਿਆ "ਧੰਨ ਸਤਿਸੰਗ ਹੈ, ਧੰਨ ਕਲਗੀਆਂ ਵਾਲੇ ਦੀ ਵਾੜੀ ਹੈ, ਧੰਨ ਨਿਸ਼ਕਾਮ ਪ੍ਰੇਮ ਹੈ, ਧੰਨ ਸਿੱਖੀ ਹੈ, ਧੰਨ ਪਿਆਰੇ ਦੀ ਵਾੜੀ। ਲਾਲੋ! ਮੈਂ ਰੁੜ੍ਹ ਗਈ ਸਾਂ, ਅਣਹੋਂਦ ਵਿਚ ਚਲੀ ਗਈ ਸਾਂ, ਮੈਂ ਜਾਤਾ ਲਾਲ ਬੁਝ ਗਏ, ਵਿਲੂੰਧਰੇ ਗਏ, ਪਰ ਹਾਇ! ਮੈਂ ਨਿਖੁੱਟੀ ਤੇ ਨਿਖੁੱਟਾ ਇਹ ਮਨ, ਜੋ ਸਦਾ ਨੀਵੀਆਂ ਗਲੀਆਂ ਵਿਚ ਲੈ ਵੜਦਾ ਹੈ। ਲਾਲ ਭੀ


www.sikhbookclub.com

ਕਦੇ ਗੁੱਝੇ ਰਹਿ ਸਕਦੇ ਹਨ? ਉਹ ਸਦਾ ਚਮਕਦੇ ਹਨ। ਲਾਲ ਤਾਂ ਸ੍ਰਿਸ਼ਟੀ ਦਾ ਭਾਰ ਹਰਨ ਆਏ ਸਨ, ਆਪਣਾ ਆਪ ਦੇਕੇ ਭਾਰ ਹਰ ਲਿਆ। ਓਹ ਮੇਰੇ ਦੁਹਿਤੇ ਹਨ; ਮੇਰੀ ਭੁੱਲ ਹੈ, ਓਹ ਨੂਰ ਦੇ ਜਾਏ ਸਨ, ਮੈਨੂੰ ਮਾਨ ਦੇਣ ਵਾਸਤੇ ਮੇਰੇ ਲਹੂ ਦੇ ਸਾਕ ਬਣੇ ਸਨ। ਓਹ ਰੱਬੀ ਤੇ ਨੂਰੀ ਬੰਦੇ ਸਨ ਜੋ ਬੱਧੀ ਛੁਡਾਵਣ ਆਏ ਸਨ, ਛੁਡਾ ਗਏ। ਦਿਓ ਅਸੀਸ-

**"ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ।।**
**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।।੩।।**
**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ।।**
**ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ।।੪।।"**

(ਗਉ: ਪੂਰ: ਦੀਪ: ਮ:੧-੧)

ਸੋ ਦਿਓ ਅਸੀਸ!

ਸਤਿਸੰਗੀ ਵਾਹਿਗੁਰੂ ਦੇ ਸ਼ੁਕਰ ਵਿਚ ਭਰ ਗਏ ਤੇ ਗਾਵੇ:-

**"ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ**
**ਮਨਹੁ ਵਿਸਾਰੀਐ।।**
**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ**
**ਮਹਿ ਆਹਾਰੁ ਪਹੁਚਾਵਏ।।**
**ਓਸਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ**
**ਲਾਵਏ।।**
**ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ।।**
**ਕਹੈ ਨਾਨਕੁ ਏਵਡੁ**
**ਦਾਤਾ ਸੋ ਕਿਉ ਮਨਹੁ ਵਿਸਾਰੀਐ।।੨੮।।"**

(ਰਾਮ: ਮ:੩-ਅਨੰਦੁ)

ਮਾਈ ਨੂੰ ਇਸ ਸੁਖ ਵਿਚ ਵੇਖਕੇ ਸਾਰੇ ਸੁਖੀ ਹੋਏ। ਮਾਈ ਨੇ ਹੁਣ ਪਿਆਰ ਨਾਲ ਸਾਰੇ ਵਿਦਾ ਕੀਤੇ। ਭਾਵੇਂ ਸਰਦੀ ਅਤਿ ਸੀ, ਪਰ ਮਾਈ ਚੰਦ ਦੀ ਚਾਨਣੀ ਵਿਚ ਕੁਛ ਚਿਰ ਟਹਿਲਦੀ ਰਹੀ ਤੇ ਅਨੰਦ ਸਾਹਿਬ ਦਾ ਪਾਠ ਕਰਦੀ ਰਹੀ, ਫੇਰ ਅੰਦਰ ਆਕੇ ਸੌਂ ਗਈ।

ਸੁੱਤੀ ਦੇ ਆਤਮਾ ਉਤੇ ਮਨ ਨੇ ਜ਼ੋਰ ਪਾ ਲਿਆ, ਮਨ ਉਤੇ ਸਰੀਰ

ਨੇ ਜ਼ੋਰ ਪਾ ਲਿਆ। ਦੇਖੋ ਇਸ ਸਰੀਰ ਵਿਚ ਮਾਸ ਦਾ ਕਿਤਨਾ ਬਲ ਹੈ? ਸੁਪਨਾ ਵੇਖਦੀ ਹੈ ਕਿ ਬੱਚੇ ਕੰਧ ਵਿਚ ਚਿਣੇ ਜਾ ਰਹੇ ਹਨ, ਬਿਹਬਲ ਹੋ ਕੇ ਮਾਈ ਨੀਂਦ ਵਿਚ ਹੀ ਪਾਸ ਜਾ ਖਲੋਂਦੀ ਹੈ। ਬੱਚਿਆਂ ਨੂੰ ਕੱਢਦੀ ਹੈ, ਪਰ ਜਰਵਾਣੇ ਕੱਢਣ ਨਹੀਂ ਦੇਂਦੇ। ਇਸੇ ਖਿੱਚਾ ਖਿੱਚੀ ਵਿਚ ਕੰਧ ਚਿਣੀ ਜਾਂਦੀ ਹੈ ਤੇ ਮਾਈ ਬੀ ਵਿਚੇ ਚਿਣੀ ਜਾਂਦੀ ਹੈ। ਹੁਣ ਅੰਦਰ ਦਮ ਘੁਟੀਣ ਲੱਗਾ। ਨਾਲੇ ਬੱਚਿਆਂ ਦਾ ਦਮ ਘੁਟੀਂਦਾ ਹੈ, ਨਾਲੇ ਆਪਣਾ। ਅਤਿ ਕਸ਼ਟ ਦਾ ਸਾਮ੍ਹਣਾ ਹੋਇਆ, ਤੜਫ਼ ਤੜਫ਼ਕੇ ਮਾਈ ਦੀ ਜਾਨ ਨਿਕਲੀ। ਜਾਨ ਇੱਟਾਂ ਵਿਚੋਂ ਰਾਹ ਲੱਭਦੀ ਹੈ ਤੇ ਰਾਹ ਨਹੀਂ ਲੱਭਦਾ। ਮਾਈ ਨੂੰ ਅਸਚਰਜ ਅੰਧਕਾਰ ਦਾ ਸਾਮ੍ਹਣਾ ਕਰਨਾ ਪੈ ਗਿਆ। ਮੁਸ਼ਕਲ ਨਾਲ ਇਕ ਛੇਕ ਜੋ ਰਾਜਾਂ ਤੋਂ ਰਹਿ ਗਿਆ ਸੀ, ਦਿੱਸਿਆ, ਉਸ ਵਿਚੋਂ ਬੱਚਿਆਂ ਦੀ ਜਾਨ ਬਾਹਰ ਜਾ ਰਹੀ ਸੀ, ਜੋ ਫਸ ਫਸ ਕੇ ਨਿਕਲੀ। ਫੇਰ ਮਾਈ ਬੀ ਲੱਗੀ ਉਸੇ ਰਾਹ ਨਿਕਲਣ, ਪਰ ਵਹਿਮ ਉੱਠੇ ਕਿ ਮੈਂ ਵੱਡੀ ਹਾਂ, ਰਾਹ ਤੰਗ ਹੈ, ਕੀਕੂੰ ਨਿਕਲਾਂ? ਪਰ ਫੇਰ ਹੋਰ ਕੋਈ ਰਾਹ ਸੀ ਨਹੀਂ, ਇਸੇ ਰਾਹ ਵਿਚ ਸਿਰ ਫਸਾਇਆ, ਬੜੇ ਕਸ਼ਟ ਨਾਲ ਫਸ, ਫਸ, ਖਿਚੀਜ ਖਿਚੀਜਕੇ ਬਾਹਰ ਨਿਕਲੀ, ਸ਼ੁਕਰ ਕੀਤਾ ਪਰ ਬੱਚੇ ਨਹੀਂ ਲੱਭਦੇ। ਇਸ ਵਿਆਕੁਲਤਾ ਵਿਚ ਇਧਰ ਜਾ ਉਧਰ ਜਾ, ਵਾਜਾਂ ਮਾਰ, ਆਖਰ ਜਾਗ ਖੁੱਲੀ। ਕੀ ਦੇਖਦੀ ਹੈ ਕਿ ਆਪਣੇ ਬਿਸਤਰੇ ਪਰ ਹਾਂ, ਝਰੋਖੇ ਵਿਚੋਂ ਚਾਂਦਨੀ ਦੀ ਲਸ ਅੰਦਰ ਪੈ ਰਹੀ ਹੈ, ਬਦਨ ਗਰਮ ਹੈ, ਛਾਤੀ ਧੁਖ ਰਹੀ ਹੈ ਤੇ ਸਿਰ ਦੀਆਂ ਪੁੜਪੁੜੀਆਂ ਤਪ ਰਹੀਆਂ ਤੇ ਤ੍ਰੱਪ ਤ੍ਰੱਪ ਕਰ ਰਹੀਆਂ ਹਨ। ਉੱਠਕੇ ਬੈਠ ਗਈ, ਵਾਹਿਗੁਰੂ ਆਖਿਆ, ਪਾਣੀ ਦਾ ਘੁੱਟ ਪੀਤਾ। ਪਰ ਸੁਰਤ ਗਿਰ ਚੁਕੀ ਸੀ, ਮਨ ਉਦਾਸੀ ਵਿਚ ਸੀ, ਸਹਿਮ ਵਿਚ ਸੀ, ਕਸ਼ਟ ਵਿਚ ਸੀ। ਅੱਖਾਂ ਅਗੇ ਜ਼ਿੰਦਗੀ ਦੇ ਕਸ਼ਟ ਫਿਰ ਰਹੇ ਸਨ। ਸੁੱਤੀ ਕਿਸ ਰੰਗ ਸੀ, ਜਾਗੀ ਕਿਸ ਹਾਲ ਹੈ? ਨੀਂਦਰ ਵਿਚ ਮੁੱਠੀ ਗਈ। ਹਾਇ! ਭਗਤ ਜਨ ਤਦੇ ਕੂਕਦੇ ਹਨ-

"ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ।।
ਜਾਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ*।।

(ਸ: ਕਬੀਰ-੧੨੯)

---

*ਇਸ ਦਾ ਭਾਵ ਉਨੀਂਦੇ ਕੱਟਣੇ ਨਹੀਂ, ਪਰ ਸਰੀਰ ਦੀ ਲੋੜੀਂਦੀ ਨੀਂਦ ਪੂਰੀ ਕਰਕੇ ਗ਼ਾਫ਼ਲ ਤੇ ਆਲਸੀ ਹੋਕੇ ਰਾਤ ਬਿਰਥਾ ਗੁਆਉਣ ਤੋਂ ਰੋਕਣਾ ਹੈ।

ਹੁਣ ਫੇਰ ਜੁੱਧ ਜਾਰੀ ਹੈ, ਮਨ ਅੰਦਰਲੇ ਨੂੰ ਉੱਠਣ ਨਹੀਂ ਦੇਂਦਾ, ਪਰ ਉਹ ਡਾਢੇ ਜ਼ੋਰ ਵਿਚ ਉੱਚਾ ਹੋ ਰਿਹਾ। ਇਸ ਨਿਕੰਮੇ ਸੁਪਨੇ ਨੂੰ ਮਾਈ ਨੇ ਵਗਾਹ ਮਾਰਿਆ ਤੇ ਇਸ ਨੂੰ ਤਮੋਗੁਣ ਦਾ ਨਕਸ਼ਾ ਜਾਣ ਕੇ ਤੋੜਿਆ। ਜੋ ਗਮ ਦੇ ਨਕਸ਼ੇ ਤੇ ਹਾਹੁਕੇ ਉਠਦੇ ਹਨ, ਉਨ੍ਹਾਂ ਪਰ ਅੰਦਰੋਂ ਹੀ ਸਮਝ ਤੇ ਵਿਚਾਰ ਸੁਝਦੀ ਹੈ। ਨਾਮ ਦਾ ਚੱਕਰ ਬੀ ਚੱਲ ਰਿਹਾ ਹੈ। ਕੁਛ ਤਪ ਦਾ ਜ਼ੋਰ ਹੈ ਜੋ ਵਾਹ ਨਹੀਂ ਲੱਗਣ ਦੇਂਦਾ। ਮਾਈ ਨੇ ਅਖੀਰ ਜਪੁ ਸਾਹਿਬ ਦੇ ਪਾਠ ਅਰੰਭੇ: -

**"ਆਦੇਸੁ ਤਿਸੈ ਆਦੇਸੁ।।**
**ਆਦਿ ਅਨੀਲੁ ਅਨਾਦਿ ਅਨਾਹਿਤ ਜੁਗੁ ਜੁਗੁ ਏਕੋ ਵੇਸੁ।।"**

ਤੇ ਆਕੇ ਸਿਰ ਧਰਤੀ ਤੇ ਰੱਖਕੇ ਆਦੇਸ ਵਿਚ ਪੈ ਗਈ। ਇਸੇ ਹਾਲ ਇਕਾਗ੍ਰਤਾ ਛਾ ਗਈ। ਕੜੱਕ ਜਿਹਾ ਹੋਕੇ ਟਿਕਾਉ ਆ ਗਿਆ, ਠੰਢ ਪੈ ਗਈ। ਚਾਰ ਵੇਰ ਆਦੇਸ ਤਿਸੇ ਆਦੇਸ ਦੇ ਬਾਦ ਮੁੜਕਾ ਪੈ ਗਿਆ, ਸਰੀਰ ਠਰ ਗਿਆ, ਮਨ ਠਰ ਗਿਆ; ਅੰਦਰਲੇ ਨੇ ਆਵਾਜ਼ ਦਿੱਤੀ- 'ਦਾਉ ਨਾ ਖਾਇਆ ਕਰੋ' ਉਨਮਨ ਰਿਹਾ ਕਰੋ, ਲਿਵ ਤੋਂ ਬਾਹਰ ਨਾ ਜਾਇਆ ਕਰੋ, ਹੇਠਾਂ ਤਾਂ ਹਾਵੇ ਦਾ ਦੇਸ਼ ਹੈ ਤੇ ਉੱਪਰ ਸੁਖ ਦਾ ਟਿਕਾਣਾ ਹੈ। ਸਦਾ ਉੱਚੇ ਰਹੋ, ਵਾਹਿਗੁਰੂ ਵਲ ਧਿਆਨ ਰਹੇ।' ਧਿਆਨ ਬੜੀ ਸ਼ਕਤੀ ਹੈ, '**ਪੰਚਾ ਕਾਂ ਗੁਰੁ ਏਕੁ ਧਿਆਨੁ**'।। ਮਨ ਚਾਹੁੰਦਾ ਹੈ ਕਿ ਅੰਦਰਲੇ ਦਾ ਧਿਆਨ ਦ੍ਰਿਸ਼ਟਾਮਾਨ ਵਿਚ ਫਸਿਆ ਰਹੇ, ਤੁਸੀਂ ਜਤਨ ਕਰੋ ਕਿ ਧਿਆਨ ਮਨ ਤੋਂ ਉੱਚਾ ਸਦਾ ਵਾਹਿਗੁਰੂ ਸ਼ਰਨ ਪ੍ਰਾਪਤ ਰਹੇ। 'ਵਾਹਿਗੁਰੂ ਦੀ ਸ਼ਰਨ' ਗਿਆਂ ਧਿਆਨ ਮਨ ਤੋਂ ਉੱਚਾ ਰਹਿੰਦਾ ਹੈ। ਧਿਆਨ ਜਿੱਧਰ ਵੀ ਹੋਵੇ ਉਸਦਾ ਰੂਪ ਹੋ ਜਾਈਦਾ ਹੈ। ਵਾਹਿਗੁਰੂ ਦਾ ਧਿਆਨ ਕਰਨ ਵਾਲਾ ਵਾਹਿਗੁਰੂ ਨੂੰ ਅੰਦਰ ਵਸਾਕੇ, 'ਵਾਹਿਗੁਰੂ ਜੋ ਸੁਖ ਰੂਪ ਹੈ, ਸੁਖੀ ਹੋ ਜਾਂਦਾ ਹੈ। ਇਹ ਵਿਚਾਰ ਆਕੇ ਮਾਈ ਠਰ ਗਈ। ਹੁਣ ਚਿੱਤ ਨੂੰ ਇਕ ਤਾਕਤ ਪ੍ਰਤੀਤ ਹੁੰਦੀ ਹੈ। ਉਸ ਵਿਚ ਇਸ ਤਰ੍ਹਾਂ ਦੀ ਸ਼ਕਤੀ ਦਿੱਸਦੀ ਹੈ ਕਿ ਉਹ ਦ੍ਰਿਸ਼ਟਾ ਹੋ ਰਿਹਾ ਹੈ, ਦੇਖਣਹਾਰ ਹੈ। ਜੋ ਕੌਤਕ ਹੋਏ ਵਰਤੇ ਸੁਣੇ ਹਨ, ਓਹਨਾਂ ਕੌਤਕਾਂ ਨੂੰ ਕਿਸੇ ਮਹਾਂ ਰੱਬੀ ਪ੍ਰਯੋਜਨਾ ਦੇ ਤੱਕਦੀ ਹੈ, ਜਿਨ੍ਹਾਂ ਦੇ ਹੋਣ ਵਿਚ ਕਿ ਰੁਕਣ ਵਿਚ ਮਾਈ ਦਾ ਕੋਈ ਹੱਥ ਯਾ ਵੱਸ ਨਹੀਂ ਹੈ। ਇਸ ਨੇ ਕੇਵਲ ਦੇਖਣਾ ਤੇ ਦੇਖਦੇ ਹੋਏ ਵਾਹਿਗੁਰੂ ਦੇ ਘਰ ਵਿਚ ਉੱਚਿਆਂ ਰਹਿਣਾ ਹੈ, ਰਜ਼ਾ ਸਮਝਣੀ

ਹੈ। ਜੋ ਹੋ ਰਿਹਾ ਹੈ ਸੋ ਰਜ਼ਾ ਹੈ ਤੇ ਅਸਾਂ ਅੰਦਰਲੇ ਦਾ ਰੁਖ ਵਾਹਿਗੁਰੂ ਦੀ ਚਰਨ ਸ਼ਰਨ ਵੱਲ ਰੱਖਣਾ ਹੈ। ਹਾਂ, ਤਰਲਾ ਇਹ ਹੈ ਕਿ ਸ਼ਰਨ ਤੋਂ ਨਾ ਉਖੜੀਏ। ਸੋ ਹੁਣ ਮਾਈ ਇਸ ਰੰਗ ਵਿਚ ਆਕੇ ਉੱਠੀ, ਅੰਮ੍ਰਿਤ ਵੇਲੇ ਦਾ ਕੁਛ ਹਿਸਾ ਲੰਘ ਚੁਕਾ ਸੀ, ਫਿਰ ਵੀ ਹਿੰਮਤ ਕਰਕੇ ਗੁਰਦਵਾਰੇ ਅੱਪੜ ਗਈ। ਗੁਰਦਵਾਰੇ ਸੰਗਤ ਘੱਟ ਸੀ, ਕਿਉਂਕਿ ਕਈ ਅਤਿ ਪ੍ਰੇਮੀ ਸਤਿਗੁਰ ਦੇ ਚਮਕੌਰ ਵਾਲੇ ਸਾਕੇ ਦੇ ਹਾਲ ਸੁਣਕੇ ਟੁਰ ਗਏ ਸਨ, ਕਿ ਕਿਤੇ ਪੁੱਜਕੇ ਕੋਈ ਸੇਵਾ ਕਰ ਸਕੀਏ! ਅੱਜ ਭੀ ਦੋ ਚਾਰ ਸੱਜਣ ਟੁਰੇ ਸਨ, ਕਿਉਂਕਿ ਹੁਣ ਮਹਾਰਾਜ ਜੀ ਦੇ ਮਾਲਵੇ ਪੁੱਜਣ ਦੀ ਖਬਰ ਮਿਲ ਗਈ ਸੀ। ਸੋ ਭਾਵੇਂ ਪ੍ਰੇਮੀ ਥੋੜੇ ਸਨ ਤਦ ਵੀ ਸ਼ਬਦ ਰੰਗਣ ਗੁਰਦੁਆਰੇ ਵਿਚ ਸ਼ਾਂਤੀ ਦਾ ਪ੍ਰਭਾਵ ਕਾਫ਼ੀ ਪ੍ਰਕਾਸ਼ ਕਰ ਰਹੀ ਸੀ। ਇਥੇ ਆਕੇ ਕੀਰਤਨ ਦੇ ਰੰਗ ਵਿਚ ਚਿਤ ਹੋਰ ਜੁੜ ਗਿਆ। ਸ਼ਬਦਾਂ ਦੀ ਧੂਨੀ ਏਕਾਗ੍ਰਤਾ ਭਰਨ ਵਾਲੀ ਸੀ ਤੇ ਸ਼ਬਦਾਂ ਦਾ ਭਾਵ ਮਨ ਵਿਚ ਰਜ਼ਾ ਦੀ ਸਿਖਯਾ ਦੇਣ ਵਾਲਾ ਸੀ। ਇਸੇ ਰੰਗ ਵਿਚ ਰਾਤ ਬੀਤ ਗਈ ਅਰ ਬੀਤ ਗਈ ਮਾਤਾ ਦੀ ਪੰਜਵੀਂ ਔਖੀ ਰਾਤ।

# ਛੇਵੀਂ ਰਾਤ

**ਦਿਨ** ਤੇ ਮਹੀਨੇ ਵਰਹਾ ਬਣਾਕੇ ਬੀਤ ਗਏ। ਕੁਝ ਹੋਰ ਇਸੇ ਤਰ੍ਹਾਂ ਹੋ ਬੀਤੇ। ਮਾਈ ਸਭਰਾਈ ਆਪਣੇ 'ਵਾਹਿਗੁਰੂ ਸ਼ਰਨ ਪ੍ਰਾਪਤ ਟਿਕਾਉ' ਵਿਚ ਦਿਨ ਬਿਤੀਤ ਕਰਦੀ ਰਹੀ। ਸਿਮਰਨ ਦੇ ਰੰਗ ਲੱਗ ਰਹੇ ਸਨ ਕਿ ਫੇਰ ਇਕ ਖ਼ਬਰ ਆਈ। ਉਹ ਖ਼ਬਰ ਕਲਗੀਆਂ ਵਾਲੇ ਦੇ ਜਗਤ ਤੋਂ ਟੁਰ ਜਾਣ ਦੀ ਸੀ। ਹਾਂ, ਉਹ ਜੋਤੀ ਜੋਤ ਸਮਾ ਜਾਣ ਦੀ ਸੋਇ ਸੀ। ਅੱਜ ਇਹ ਗੱਲ ਮਾਈ ਨੂੰ ਇਕ ਅਨੋਖੇ ਰੰਗ ਵਿਚ ਪਾ ਗਈ। ਪਹਿਲੇ ਤਾਂ ਇਕ ਹਨੇਰੇ ਤੇ ਨਿਰਾਸਤਾ ਦਾ ਚੱਕਰ ਆਇਆ ਅਰ ਕਲੇਜੇ ਨੂੰ ਮੁੱਠ-ਮੀਟਵੀਂ ਖਿੱਚ ਪਈ, ਪਰ ਫੇਰ ਇਕ ਠੰਢਾ ਸਾਹ ਆਕੇ ਇਕ ਠੰਢੀ ਝਰਨਾਟ ਛਿੜੀ ਤੇ ਅੰਦਰਲੇ ਨੇ ਕਿਹਾ :-

**"ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।।**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।।"**

(ਸੂਹੀ: ਮ:੫-੫੪)

ਇਹ ਖ਼ਬਰ ਉਸ ਵੇਲੇ ਮਿਲੀ ਸੀ ਜਿਸ ਵੇਲੇ ਰਹਿਰਾਸ ਦੇ ਦੀਵਾਨ ਦੀ ਸਮਾਪਤੀ ਹੋਕੇ ਮਾਈ ਘਰ ਪੁੱਜੀ ਸੀ। ਅਸਚਰਜ ਹੋਕੇ ਮਾਈ ਅਰਸ਼ਾਂ ਵਲ ਤੱਕਦੀ ਤੇ ਆਖਦੀ ਹੈ, "ਤੇਰੇ ਚੋਜ, ਤੇਰੇ ਰੰਗ! ਅਸਾਂ ਭੁੱਲਿਆਂ ਭਟਕਿਆਂ ਨੂੰ ਤਾਰਨ ਆਇਆ। ਕਿਸੇ ਦਾ ਗੁਰੂ ਬਣਿਆਂ, ਕਿਸੇ ਦਾ ਪੁਤ੍ਰ, ਕਿਸੇ ਦਾ ਜੁਆਈ, ਕਿਸੇ ਦਾ ਪਿਤਾ, ਕਿਸੇ ਦਾ ਕੋਈ ਹੋਰ ਸਾਕ, ਕਿਸੇ ਦਾ ਬਾਲ ਸਖਾਈ ਮਿਤ੍ਰ ਤੇ ਕਿਸੇ ਨਾਲ ਉਸਦੀ ਲੜਾਈ ਦੇ ਸਾਹਮਣੇ ਲੜਨ ਵਾਲਾ ਬੀਰ, ਪਰ ਸਭ ਦਾ ਪਾਰ ਉਤਾਰਾ ਕੀਤਾ ਅਰ ਸਭ ਨੂੰ ਕਲਿਆਨ ਬਖਸ਼ੀ। ਹਾਂ, ਉਹ ਅੱਖਾਂ ਦਾ ਅੰਦਰਲਾ ਹਨੇਰਾ ਕੱਟਣ ਆਇਆ ਸੀ, ਸਭਦਾ ਕਟਿਓਸੁ ਸਭ ਨੂੰ ਚਾਨਣ ਕੀਤੋਸੁ ਤੇ ਸਭ ਨੂੰ ਚਾਨਣਾ ਦੇਕੇ, ਰੱਬੀ ਸੁਨੇਹੇ ਪੁਚਾਕੇ, ਰੱਬੀ ਜੀਵਨ ਦਾਨ ਕਰਕੇ ਰੱਬ ਦੇ ਦੇਸ਼ ਟੁਰ ਗਿਆ। ਟੁਰ ਨਹੀਂ ਗਿਆ, ਸਦਾ ਅੰਗ ਸੰਗ ਹੈ। ਸਮੇਂ ਦੇ ਉਰਾਰ ਤੇ ਪਾਰ ਦੋ ਨਗਰ ਵਸਦੇ ਹਨ, ਇੱਕ ਦਿਸਦਾ ਇਕ ਸਾਨੂੰ ਅਨ-ਦਿੱਸਦਾ ਹੈ। ਸਾਨੂੰ ਉਰਾਰ ਦਾ ਦੇਸ਼ ਦਿੱਸਦਾ

ਹੈ, ਜੋ ਜ਼ਰੂਰ ਇਕ ਦਿਨ ਛੱਡਣਾ ਹੈ। ਪਰ ਪਾਰ ਦਾ ਦੇਸ਼ ਦਿੱਸਦਾ ਨਹੀਂ, ਜਿਥੇ ਜਾ ਕੇ ਸਲਾਮਤੀ ਹੈ। ਨਾਮ ਨਾਲ ਜਾਗ ਉਠਿਆਂ ਲਈ ਉਹ ਦੇਸ਼ ਹੈ ਤੇ ਨਹੀਂ ਬੀ। ਹਾਂ, ਉਹ ਟਿਕਾਉ ਹੈ, ਅਵਸਥਾ ਹੈ। ਇਹਨਾਂ ਨੈਣਾਂ ਨੂੰ ਉਹ ਅਵਸਥਾ ਦਿੱਸਦੀ ਨਹੀਂ, ਨਹੀਂ ਤਾਂ ਉਹ ਸੁਖ ਭਰੀ ਅਵਸਥਾ ਨਾਲ ਹੈ। ਜਿਹੜੇ ਬੰਦੇ ਵਾਹਿਗੁਰੂ ਧਿਆਨੀ ਹੋ ਜਾਂਦੇ ਹਨ ਅਰ ਉਸਦੀ ਸ਼ਰਨ ਪ੍ਰਾਪਤ ਕਰ ਲੈਂਦੇ ਹਨ ਉਹ ਤਾਂ ਉਸਦੀ ਹੀ ਸ਼ਰਨ ਪ੍ਰਾਪਤ ਹੁੰਦੇ ਹਨ। ਉਹ ਅਮਰ ਜੀਵਨ ਵਿਚ ਪੁੱਜੇ ਹੋਏ ਹੁੰਦੇ ਹਨ। ਉਹਨਾਂ ਦਾ ਕੁਛ ਬਦਲਦਾ ਵਿਗੜਦਾ ਨਹੀਂ। ਓਹ ਉਸ ਅਵਸਥਾ ਤੋਂ ਬੀ ਉਪਰ ਹੁੰਦੇ ਹੋਣੇ ਹਨ। ਸਾਨੂੰ ਪਰਦਾ ਤੇ ਭਰਮ ਹੈ, ਮੋਹ ਮਾਇਆ ਦਾ ਜਾਲ ਹੈ, ਜੋ ਅਮਰ ਜੀਵਨ ਤੇ ਨਜ਼ਰ ਨਹੀਂ ਟਿਕਣ ਦਿੰਦਾ। ਅਸੀਂ ਅਮਰ ਹਾਂ ਤੇ ਜੇ ਸੰਸਾਰ ਦੇ ਹਨੇਰੇ ਵਿਚ ਰੁਲੀਏ ਨਾ ਤੇ ਵਾਹਿਗੁਰੂ ਵੱਲ ਰੁਖ਼ ਰੱਖੀਏ ਤਾਂ ਅਸੀਂ ਜੀਉਂਦੇ ਹੀ ਚਾਨਣ ਵਿਚ ਹਾਂ। ...ਕਲਗੀਆਂ ਵਾਲਾ ਸਤਿਗੁਰੂ ਤਾਂ ਨਾਮੀ ਗੁਰਮੁਖਾਂ ਤੋਂ ਕਿਤੇ ਉੱਚਾ ਹੈ, ਉਹ ਤਾਂ ਆਪ ਗੁਰੂ ਜਜੋਤੀ ਹੈ। ਉਹ ਸੰਸਾਰ ਤੋਂ ਟੁਰ ਨਹੀਂ ਗਿਆ, ਕਿਤੇ ਚਲਾ ਨਹੀਂ ਗਿਆ, ਸਦਾ ਜਾਗਦੀ ਜੋਤ ਹੈ ਤੇ ਹੋਵੇਗਾ ਭੀ। ਫਿਰ ਵਿਯੋਗ ਕਾਹਦਾ ਤੇ ਦੁਖ ਅਰ ਤੜਫਨੀ ਕਿਸ ਗੱਲ ਦੀ?" ਐਉਂ ਦੀਆਂ ਵਿਚਾਰਾਂ ਵਿਚ ਮਾਈ ਅੱਜ ਉੱਚੇ ਮੰਡਲਾਂ ਤੋਂ ਹੇਠਾਂ ਨਹੀਂ ਆ ਰਹੀ। ਮਨ ਤੋਂ ਉਚੇਰੇ ਰਸਾਂ ਵਿਚ ਹੈ। ਰਾਤ ਬੀਤ ਰਹੀ ਹੈ। ਮਾਈ ਸੁਖੀ ਭੀ ਹੈ, ਪਰ ਕਿਸੇ ਕਿਸੇ ਵੇਲੇ ਇਕ ਚੱਕਰ ਜਿਹਾ ਆਉਂਦਾ ਹੈ ਜੋ ਛਿਨ ਭੰਗਰ ਵਿਚ ਉੱਡ ਜਾਂਦਾ ਹੈ ਤੇ ਉਸਨੂੰ ਮੌਤ ਤੋਂ ਪਾਰ ਅਮਰ ਜੀਵਨ ਦਾ ਝਲਕਾ ਵੱਜਦਾ ਹੈ ਤੇ ਵਾਹਿਗੁਰੂ ਦੀ ਸ਼ਰਨ ਤੇ ਭਗਤਾਂ ਦੇ ਅਰੂਪ ਸਰੂਪਾਂ ਵਿਚ ਸਤਿਸੰਗ ਕੀਰਤਨ ਤੇ ਪਰਮੇਸ਼ੁਰ ਦੇ ਯਸ਼ ਗਾਇਨ ਵਿਚ ਸੱਚੇ ਭਰੋਸੇ ਤੇ ਉਨ੍ਹਾਂ ਦੇ ਪ੍ਰਭਾਉ ਦਿਲ ਨੂੰ ਠੰਢਾ ਠਾਰ ਕਰ ਦੇਂਦੇ ਹਨ।

"ਕਬਹੂ ਸਾਧਸੰਗਤਿ ਇਹੁ ਪਾਵੈ।।
ਉਸੁ ਅਸਥਾਨ ਤੇ ਬਹੁਰਿ ਨ ਆਵੈ।।
ਅੰਤਰਿ ਹੁਇ ਗਿਆਨ ਪਰਗਾਸੁ।।
ਉਸੁ ਅਸਥਾਨ ਕਾ ਨਹੀ ਬਿਨਾਸੁ।।"

(ਸੁਖਮਨੀ)

ਮਾਈ ਕਦੇ ਕੋਈ ਤੁਕ ਪੜ੍ਹਦੀ ਹੈ। ਕਦੀ ਨਾਮ ਜੀਭ ਤੇ ਬੈਠਕੇ ਅੰਦਰਲਾ ਚੱਕਰ ਐਸਾ ਲੈ ਆਉਂਦਾ ਹੈ ਕਿ ਲੂੰ ਲੂੰ ਵਿਚ ਠੰਢ ਪਾਉਂਦਾ ਹੈ, ਕਦੇ ਨਿਰੀ ਧਿਆਨ ਰੂਪ ਆਪਣੇ ਧੇਯ ਰੱਬ ਸਰੂਪ ਵਿਚ ਜੁੜ ਜਾਂਦੀ ਹੈ ਅਰ ਅਡੋਲ ਟਿਕੀ ਰਹਿੰਦੀ ਹੈ। ਇਸ ਤਰ੍ਹਾਂ ਟਿਕਦੀ ਟਿਕਦੀ ਮਾਈ ਦੀ ਰਾਤ ਲੰਘਦੀ ਹੈ। ਦੁੱਖਾਂ ਭਰੀ ਰਾਤ ਹੈ, ਪਰ ਦੁੱਖਾਂ ਭਰੀ ਰਹੀ ਨਹੀਂ, ਕਿਉਂ ਕਿ ਭਰਮ ਉਠ ਗਿਆ ਹੈ, ਭਰੋਸਾ ਬੱਝ ਗਿਆ ਹੈ ਤੇ ਮਨ ਟਿਕ ਗਿਆ ਹੈ। ਨਹੀਂ, ਮਨ ਤੋਂ ਆਪਾ ਉੱਚਾ ਹੋ ਰਿਹਾ ਹੈ। ਜੋ ਆਪੇ ਦੇ ਰਸ ਵਿਚ ਨਿਮਗਨ ਹੈ, ਗੁਰੂ ਦੀ ਸ਼ਰਨ ਦੇ ਰਸ ਵਿਚ ਨਿਮਗਨ ਹੈ, ਲਿਵ ਵਿਚ ਹੈ ਤੇ 'ਪਰਮ-ਆਪੇ' ਨੂੰ ਪ੍ਰਾਪਤ ਹੈ।

ਲਿਵ ਤੇ ਤ੍ਰਿਸ਼ਨਾ ਦੋ ਹੀ ਜੀਵ ਦੇ ਬੰਨੇ ਤੀਸਰੇ ਸਤਿਗੁਰਾਂ ਨੇ ਲਿਖੇ ਹਨ। ਜੋ ਲਿਵ ਵਿਚ ਹਨ ਓਹ ਪਰਮੇਸ਼ੁਰ ਨੂੰ ਪ੍ਰਾਪਤ ਹਨ:-

"ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵ
ਲਾਗੀ ਤਿਨੀ ਵਿਚੇ ਮਾਇਆ ਪਾਇਆ।।"

(ਰਾਮ: ਮ:੩-ਅਨਦ-੨੯)

ਪਰ ਜਿਨ੍ਹਾਂ ਲਿਵ ਨਹੀਂ ਲਾਈ, ਓਹ ਤ੍ਰਿਸ਼ਨਾਂ ਵਿਚ ਹਨ, ਜੋ ਤ੍ਰਿਸ਼ਨਾ ਵਿਚ ਹਨ ਸੋ ਮਾਇਆ ਦੇ ਹੁਕਮ ਹੇਠ ਹਨ:-

"ਲਿਵ ਛੁੜਕੀ ਲਗੀ ਤ੍ਰਿਸ਼ਨਾ ਮਾਇਆ ਅਮਰੁ ਵਰਤਾਇਆ।।

(ਰਾਮ: ਮ:੩-ਅਨੰਦ-੨੯)

ਤ੍ਰਿਸ਼ਨਾਂ ਨਾਲ ਮਾਇਆ ਦੇ ਵੱਸ ਵਿਚ ਪੈ ਗਿਆਂ ਮਨ ਕਮਜ਼ੋਰ ਹੋ ਜਾਂਦਾ ਹੈ ਤੇ ਦੇਹ ਨਿਮਾਣੀ ਹੋ ਜਾਂਦੀ ਹੈ:-

"ਸਾਚੀ ਲਿਵੈ ਬਿਨੁ ਦੇਹ ਨਿਮਾਣੀ।।
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ।।
ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ
ਬਨਵਾਰੀਆ।।
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ।।
ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ।।

(ਰਾਮ: ਮ:੩-ਅਨੰਦ-੬)

ਸੋ ਇਸ ਤ੍ਰਿਸ਼ਨਾ ਵਾਲੇ ਮਨ ਦਾ ਦਾਰੂ ਸਤਿਗੁਰ ਦਾ ਸ਼ਬਦ (ਉਸ ਦਾ ਬਖਸ਼ਿਆ ਨਾਮ) ਹੈ। ਸਤਿਗੁਰ ਦੇ ਸ਼ਬਦ ਦਾ ਭਾਵ ਹੈ, ਮਨ ਨੇ ਅਕਾਲ ਪੁਰਖ ਨੂੰ ਆਪਣੀ ਯਾਦ ਵਿਚ ਐਸਾ ਰੱਖਣਾ ਕਿ ਉਸ ਦੇ ਧਿਆਨ ਵਿਚ ਵਾਹਿਗੁਰੂ ਪਿਆ ਵੱਸੇ। ਜਦੋਂ ਲਗਾਤਾਰ ਵਾਹਿਗੁਰੂ 'ਯਾਦ' ਵਿਚ ਵੱਸ ਜਾਂਦਾ ਹੈ ਤਾਂ ਲਿਵ ਲੱਗ ਜਾਂਦੀ ਹੈ। ਇਸ ਲਿਵ ਵਾਲਾ ਪਰਮੇਸ਼ੁਰ ਦਾ ਪਿਆਰਾ ਬੰਦਾ ਫੇਰ ਕਿਸੇ ਉੱਚੇ ਸੁਖ ਵਿਚ ਰਹਿੰਦਾ ਹੈ। ਕਲੇਸ਼ ਤੇ ਕਸ਼ਟ ਇਸ ਦੇ ਮਿਟ ਜਾਂਦੇ ਹਨ, ਆਸਾਂ ਤੇ ਅੰਦੇਸ਼ੇ (ਫ਼ਿਕਰ) ਤੋਂ ਪਰੇ ਹੋ ਜਾਂਦਾ ਹੈ : **"ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ।"** (ਆਸਾ: ਵਾਰ-੯) ਮੌਤ ਤੋਂ ਪਾਰ ਦ੍ਰਿਸ਼ਟੀ ਚਲੀ ਜਾਂਦੀ ਹੈ, ਆਪਾ ਆਪਣੇ ਟਿਕਾਉ ਦੇ ਸੁਖ ਨੂੰ, ਵਾਹਿਗੁਰੂ ਦੀ ਸ਼ਰਨ ਪ੍ਰਾਪਤੀ ਦੇ ਸੁਖ ਨੂੰ ਮਾਣਦਾ ਹੈ ਤੇ ਮਨ, ਜੋ ਤ੍ਰਿਸ਼ਨਾ ਦਾ ਮੂਲ ਹੈ, ਇਸ ਤੋਂ ਆਪਾ ਉੱਚਾ ਉੱਚਾ ਵੱਸਦਾ ਹੈ।

ਮਾਈ ਸਭਰਾਈ ਸੱਚੇ ਸਤਿਗੁਰੂ ਦੀ ਸ਼ਰਨ ਵੱਸਦੀ, ਉੱਚੀ ਹੁੰਦੀ ਹੁੰਦੀ ਹੁਣ ਏਨੀ ਉੱਚੀ ਹੋ ਗਈ ਕਿ ਕਲਗੀਧਰ ਦੇ ਵਿਛੋੜੇ ਦੇ ਅਸਹਿ ਖੇਦ ਨੂੰ ਸੁਣਕੇ ਪੰਘਰੀ ਪਸੀਜੀ ਤਾਂ ਹੈ, ਬਿਰਹਾ ਬੀ ਆਇਆ ਹੈ, ਪਰ ਕਿਸੇ ਘਬਰਾ ਵਿਚ ਨਹੀਂ ਗਈ। ਸ਼ਾਂਤਿ, ਠੰਢ, ਰਸ ਤੇ ਸਿਦਕ ਵਿਚ ਹੈ, ਕੋਮਲਤਾ ਤੇ ਦ੍ਰਵਣਤਾ ਨਾਲ ਹੈ। ਇਹ ਨਹੀਂ ਕਿ ਉਹਨਾਂ ਦੇ ਉਪਕਾਰ, ਪਿਆਰ, ਜੋਤਿ ਵੱਲ ਪ੍ਰੇਮੀ ਦੀ ਰੌ ਨਹੀਂ, ਪ੍ਰੇਮ ਦੀ ਰੌ ਹੈ, ਸੱਚੀ ਰੌ ਹੈ, ਸੁੱਚੀ ਪ੍ਰੇਮ ਦੀ ਰੌ ਹੈ, ਪਰ ਹੁਣ ਜੋ ਪ੍ਰੇਮ ਹੈ ਸੋ ਸੁਜਾਖਾ ਹੈ। ਹਾਂ ਰਸੀਆ ਭੀ ਹੈ ਤੇ ਸੁਜਾਖਾ ਭੀ ਹੈ। ਇਸ ਲਈ ਭਾਵੇਂ ਅੱਖ ਦੇ ਫੋਰ ਜਿੰਨੇ ਚੱਕਰ ਆਏ ਭੀ ਪਰ ਮਾਈ ਸਭਰਾਈ ਦਾ ਅਡੋਲ ਮਨ ਆਪਣੇ ਸਿਦਕ ਰਸ ਵਿਚ, ਲਿਵ ਵਿਚ ਵੱਸਦਾ ਰਿਹਾ ਤੇ ਰਾਤ ਦੀ ਇਕ ਇਕ ਛਿਨ ਕਿਸੇ ਉੱਚੇ ਰੰਗ ਵਿਚ ਬੀਤੀ। ਰਾਤ ਅਤਿ ਕਸ਼ਟ-ਦਾਇਕ ਹੋਣੀ ਚਾਹੀਦੀ ਸੀ, ਪਰ ਲਿਵ ਨੇ ਤ੍ਰਿਸ਼ਨਾ ਦੇ ਬੰਧਨ ਕੱਟ ਦਿਤੇ ਹੋਏ ਹਨ ਤੇ ਮਨ ਪ੍ਰੇਮ ਦੀਆਂ ਤਣੀਆਂ ਨਾਲ ਸਾਂਈਂ ਸ਼ਰਨ ਬਨ੍ਹ ਦਿੱਤਾ ਹੋਇਆ ਹੈ, ਸਰਨ ਸਮਾਈ ਮਾਈ ਮਨ ਦੇ ਸਾਰੇ ਹੱਲਿਆਂ ਤੋਂ ਬਚ ਰਹੀ ਹੈ। ਇਸੇ ਤਰ੍ਹਾਂ ਤਿੰਨ ਪਹਿਰੇ ਦਾ ਵੇਲਾ ਹੋ ਆਇਆ ਪਰ ਮਾਈ ਤੋਂ ਉਸ ਰਸ ਵਿਚ ਉੱਠਿਆ ਨਹੀਂ ਜਾਂਦਾ। ਤ੍ਰਿਪਹਿਰੇ ਵਿਚੋਂ ਭੀ ਕੁਛ ਸਮਾਂ ਬੀਤ ਗਿਆ ਪਰ ਅਜੇ ਉਹ ਦੈਵੀ ਰੰਗ ਆਪਣੇ ਵਿਚ ਸਮਾ ਰਿਹਾ ਹੈ। ਜਦ ਤ੍ਰੈ ਕੁ ਘੜੀ ਰਾਤ ਰਹੀ ਤਾਂ ਮਾਈ ਦੇ ਨੈਣ ਖੁੱਲ੍ਹੇ, ਉਹ ਨੈਣ ਜੋ ਸਾਰੀ

ਰਾਤ ਸੁੱਤੇ ਨਹੀਂ ਪਰ ਅਚਰਜ ਰੰਗ ਰੰਗੀਜੇ ਰਹੇ ਹਨ। ਇਕ ਨੂਰ ਅੱਖਾਂ ਵਿਚੋਂ ਬਰਸਦਾ ਸੀ, ਇਕ ਸਰੂਰ ਸਿਰ ਵਿਚੋਂ ਝਰਦਾ ਸੀ, ਇਕ ਸੁੰਦਰਤਾ ਦਾ ਮੀਂਹ ਦ੍ਰਿਸ਼ਟਮਾਨ ਨੂੰ ਘੇਰੇ ਹੋਏ ਵਿਸਮਾਦ ਦਾ ਨਕਸ਼ਾ ਬੰਨ੍ਹ ਰਿਹਾ ਸੀ। ਮਾਈ ਇਸ ਵਿਸਮਾਦੀ ਰੌ ਜਿਹੇ ਵਿਚ ਹੀ ਉੱਠ, ਤੁਰੀ ਤੇ ਗੁਰਦਵਾਰੇ ਪੁਜਕੇ ਕੀਰਤਨ ਦੇ ਪ੍ਰਭਾਵ ਨਾਲ ਮਗਨ ਹੋ ਗਈ।

ਐਉਂ ਬੀਤ ਗਈ ਮਾਤਾ, ਲਿਵ ਪ੍ਰਾਪਤ ਮਾਤਾ, ਦੀ ਛੇਵੀਂ ਔਖੀ ਰਾਤ।

# ਸੱਤਵੀਂ ਰਾਤ

ਕੁਛ ਕਾਲ ਬੀਤਿਆ, ਮਾਈ ਹਿੰਮਤ ਕਰਕੇ ਰਮਦਾਸ ਗਈ। ਉਥੇ ਸਾਹਿਬ ਰਾਮ ਕੌਰ ਜੀ ਨੂੰ ਮਿਲੀ। ਸਾਰੀ ਵਿਥਿਆ ਸਤਿਗੁਰਾਂ ਦੀ ਸੁਣੀ। ਸਾਹਿਬ ਰਾਮ ਕੌਰ ਜੀ ਦਸਮੇਂ ਪਾਤਸ਼ਾਹ ਦੇ ਅੰਗ ਸੰਗ ਰਹਿਣ ਵਾਲੇ ਸੱਚੇ ਪ੍ਰੇਮੀ, ਬੀਤਰਾਗ ਤੇ ਗਜਾਤਗੇਯ ਪੂਰਨ ਬ੍ਰਹਮਗਯਾਨੀ ਸੇ। ਆਪ ਸਤਿਗੁਰੂ ਦੇ ਅੰਗ ਸੰਗ ਸਤਿਗੁਰੂ ਜੀ ਦੇ ਨਾਲ ਦੱਖਣ ਨੂੰ ਜਾ ਰਹੇ ਸੀ। ਆਪ ਦੀ ਮਾਤਾ ਜੀ ਪਰਦੇਸਾਂ ਵਿਚ ਸਤਿਗੁਰਾਂ ਨੂੰ ਜਾ ਮਿਲੇ ਜੋ ਪੁੱਤ੍ਰ ਨੂੰ ਲੈ ਆਉਣ। ਆਪ ਨੂੰ ਸਤਿਗੁਰਾਂ ਨੇ ਸਿੱਖੀ ਵਿਚ ਪ੍ਰਚਾਰ ਦੀ ਆਗਿਆ ਦੇਕੇ ਮਾਤਾ ਦੇ ਨਾਲ ਘਰੀਂ ਤੋਰ ਦਿੱਤਾ ਸੀ। ਆਗਜਾ ਦੇ ਬੱਧੇ ਪ੍ਰੇਮੀ ਆਪਣੇ ਨਗਰ ਰਮਦਾਸ – ਜੋ ਇਨ੍ਹਾਂ ਦੇ ਵਡੇ ਬਾਬੇ ਬੁੱਢੇ ਜੀ ਦਾ ਟਿਕਾਣਾ ਸੀ–ਆ ਬਿਰਾਜੇ ਤੇ ਸਿੱਖੀ ਦਾ ਪ੍ਰਚਾਰ ਕਰਨ ਲਗੇ। ਆਪ ਹਰ ਰੋਜ਼ ਦਸਾਂ ਪਾਤਸ਼ਾਹੀਆਂ ਦੀ ਕਥਾ ਕਰਿਆ ਕਰਦੇ ਸਨ ਅਤੇ ਆਪ ਨੇ ਦਸਾਂ ਸ਼ਤਿਗੁਰਾਂ ਦਾ ਜੀਵਨ ਵੀ ਲਿਖਿਆ ਸੀ। ਦੱਸਦੇ ਹਨ ਕਿ ਇਹ ਕਲਮੀ ਨੁਸਖਾ ਕੈਂਥਲ ਦੇ ਰਾਜੇ ਨੇ ਕਵੀ ਸੰਤੋਖ ਸਿੰਘ ਜੀ ਵਾਸਤੇ, ਜੋ ਗੁਰੂ ਪ੍ਰਤਾਪ ਸੂਰਜ ਗ੍ਰੰਥ ਲਿਖ ਰਹੇ ਸੀ, ਰਮਦਾਸ ਤੋਂ ਮੰਗਵਾਇਆ ਸੀ। ਦੱਸੀਦਾ ਹੈ ਕਿ ਉਹ ਪੋਥੀ ਤਦੋਂ ਦੀ ਕੈਂਥਲ ਗਈ ਫੇਰ ਵਾਪਸ ਰਮਦਾਸ ਨਹੀਂ ਆਈ। ਜਦੋਂ ਮਾਈ ਸਭਰਾਈ ਜੀ ਰਮਦਾਸ ਗਏ ਸਨ ਤਦੋਂ ਭਾਈ ਰਾਮਕੌਰ ਜੀ ਦੋ ਵੇਲੇ ਦੀਵਾਨ ਦੇ ਮਗਰੋਂ ਸਤਿਗੁਰਾਂ ਦੇ ਜੀਵਨ ਦੀ ਕਥਾ ਕਰਿਆ ਕਰਦੇ ਸਨ ਤੇ ਦੁਪਹਿਰੇ ਇਹ ਪੋਥੀ ਲਿਖਿਆ ਕਰਦੇ ਸਨ। ਆਪ ਦਾ ਜੀਵਨ ਭੀ ਅਚਰਜ ਸੀ। ਲਿਵਲੀਨ ਐਸੇ ਰਹਿੰਦੇ ਸਨ ਕਿ ਜਿਵੇਂ ਮਸਤ ਹੁੰਦਾ ਹੈ, ਪਰ ਕਥਾ ਕਰਨ, ਲਿਖਣ ਤੇ ਵਾਰਤਾਲਾਪ ਵਿਚ ਜੇ ਚੱਲ ਪੈਣ ਤਾਂ ਬੜੇ ਬੜੇ ਪੰਡਤ ਆਪ ਦੇ ਅੱਗੇ ਮੂੰਹ ਨਹੀਂ ਧਰ ਸਕਦੇ ਸਨ। ਸੋ ਇਨ੍ਹੀ ਦਿਨੀ ਮਾਈ ਸਭਰਾਈ ਨੇ ਆਪਣੇ ਸਤਿਗੁਰੂ ਦੇ ਸਵਾਰੇ ਲਾਡਲੇ ਗੁਰਮੁਖ ਦੇ, ਹਾਂ ਜਲ ਵਿਚ ਵੱਸਦੇ ਕੰਵਲ ਅਲੇਪ ਦੇ ਦਰਸ਼ਨ ਕੀਤੇ। ਸਾਹਿਬ ਜੀ ਦੇ ਅਦਬ ਦੇ ਸਵਾਰੇ ਮਾਤਾ ਨੂੰ ਉਸ ਸਤਿਕਾਰ ਨਾਲ ਮਿਲੇ

ਜੋ ਸਤਿਕਾਰ ਕਿ ਉਨ੍ਹਾਂ ਤੋਂ ਮਾਤਾ ਲਈ ਆਸ ਕੀਤਾ ਜਾ ਸਕਦਾ ਸੀ। ਬੜਾ ਆਦਰ ਦਿੱਤਾ, ਸਨਮਾਨ ਕੀਤਾ ਤੇ ਮਾਤਾ ਦੀ ਰੀਝ, ਜੋ ਆਪਣੇ ਸਤਿਗੁਰ ਦੀ ਵਿਥਿਆ ਸੁਣਨ ਦੀ ਸੀ, ਪਿਆਰ ਨਾਲ ਪੂਰੀ ਕੀਤੀ।

ਮਾਈ ਨੇ ਕਲਗੀਆਂ ਵਾਲੇ ਦਾ ਅੰਤ ਸਮੇਂ ਦੇ ਤਿਆਰੇ ਦਾ ਹਾਲ ਸੁਣਿਆ ਕਿ ਸ਼ਸਤ੍ਰ ਲਗਾ, ਪੁਸ਼ਾਕੇ ਸਜਾ, ਸਨੱਧਬੱਧ ਸਰੀਰ ਤਯਾਗਣ ਲਈ ਇੱਵ ਤਿਆਰ ਹੋਏ ਜੀਕੂੰ ਜੰਞ ਚੜ੍ਹਨ ਲੱਗੇ ਕਿਸੇ ਦੂਲਹੇ ਦੀ ਤਿਆਰੀ ਹੁੰਦੀ ਹੈ। ਮੌਤ ਨੂੰ ਮਖ਼ੌਲ ਕੀਤਾ ਤਾਂ ਸਤਿਗੁਰ ਨੇ, ਮੌਤ ਤੇ ਡੰਕਾ ਵਜਾਇਆ ਤਾਂ ਸਤਿਗੁਰ ਨੇ। ਸਤਿਗੁਰ ਦੀ ਤਿਆਰੀ ਤੇ ਚੜ੍ਹਦੀ ਕਲਾ ਐਸੀ ਭਾਈ ਜੀ ਨੇ ਸੁਣਾਈ ਕਿ ਮਾਤਾ ਜੀ ਦੇ ਦਿਲ ਤੇ ਹੋਰ ਉੱਚਾ ਅਸਰ ਪਿਆ। ਉਹ ਜੋ ਲਿਵ ਵਿਚ ਨਿਪੁੰਨ ਹੋ ਗਈ ਸੀ, ਹੁਣ ਪੂਰਨ ਹੋ ਗਈ। ਬ੍ਰਹਮ ਗਿਆਨੀ ਵਾਲਾ ਰੰਗ ਛਾ ਗਿਆ। ਇਸ ਤਰ੍ਹਾਂ ਕੁਛ ਸਮਾਂ ਮਾਈ ਉਥੇ ਰਹਿਕੇ ਘਰ ਆ ਗਈ।

ਸਮਾਂ ਪਾਕੇ ਸਰੀਰ ਜਰਜਰਾ ਹੋ ਗਿਆ ਤੇ ਮਾਈ ਕਿਹਾ ਕਰੇ, ਚੋਲਾ ਪੁਰਾਣਾ ਹੋ ਗਿਆ ਹੈ, ਹੁਣ ਰਖਣੇ ਜੋਗਾ ਨਹੀਂ, ਪਰ ਮਾਈ ਦਾ ਭਰੋਸਾ ਤੇ ਅੰਦਰਲਾ ਹਾਲ ਇਹ ਸੀ :-

**'ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ।।'**

(ਸ: ਵਾ: ਤੇ: ਵ: ਮ:੩-੪੪)

ਗਿਆਨ ਦਾ ਸੂਰਜ ਚਮਕ ਰਿਹਾ ਹੈ, ਚੋਲਾ ਪੁਰਾਣਾ ਹੋ ਗਿਆ ਤਾਂ ਹੋ ਗਿਆ ਸਹੀ।

ਸਹਿਜੇ ਸਹਿਜੇ ਉਹ ਰਾਤ ਆ ਗਈ ਕਿ ਜਦੋਂ ਚੋਲੇ ਢਹਿ ਪੈਣ ਦੀ ਤੇ ਜੀਵਾਤਮਾ ਦੇ ਉੱਡ ਜਾਣ ਦੀ ਤਿਆਰੀ ਹੋ ਪਈ।

ਮਾਈ ਸੁੱਛ ਬਿਸਤ੍ਰੇ ਪਰ ਪਈ ਹੈ, ਸਤਿਸੰਗੀ ਆਸ ਪਾਸ ਬੈਠੇ ਹਨ, ਨੈਣ ਬੰਦ ਹਨ ਪਰ ਕਦੇ ਖੁੱਲ੍ਹਦੇ ਬੀ ਹਨ। ਬਾਹਰੋਂ ਇਕ ਤੇਜਮਈ ਸਮਾਧੀ ਦਿੱਸਦੀ ਹੈ, ਪਰ ਅੰਦਰੋਂ ਮਾਈ **"ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ"** (ਬਿਲ:ਮ:੪, ਅਸਟ-੧) ਦੇ ਰੰਗ ਵਿਚ ਹੈ।

ਸੁਆਦ ਵਿਸਮਾਦ ਵਿਚ ਪਈ ਹੈ ਕਿ ਅਚਾਨਕ ਇਕ ਠੌਕਾ ਆਇਆ ਅਰ ਐਉਂ ਦਿੱਸਿਆ ਕਿ ਹਾਇ! ਮੈਂ ਮਰ ਚੱਲੀ ਹਾਂ, ਪਰ ਪਲ ਮਗਰੋਂ ਅੱਖ ਖੁਲ੍ਹੀ ਤੇ ਕੀਹ ਦੇਖਦੀ ਹੈ ਕਿ ਸਤਿਸੰਗੀ ਬੈਠੇ ਹਨ ਤੇ ਚੰਦ ਦੀ ਚਾਂਦਨੀ ਐਦਰ ਪੈ ਰਹੀ ਹੈ ਤੇ ਆਖਦੀ ਹੈ:-

"ਭੈਣੋਂ ਤੇ ਭਰਾਵੋ! ਕਿਸਨੇ ਆਖਿਆ ਸੀ? ਹਾਇ ਮੈਂ ਮਰ ਚੱਲੀ ਹਾਂ!"

ਮੇਰੇ ਕੰਨਾਂ ਵਿਚ ਐਉਂ ਵਾਜ ਪਈ ਹੈ, ਜੀਕੂੰ ਕੋਈ ਬੋਲਦਾ ਹੈ ਕਿ ਮੈਂ ਮਰ ਚੱਲੀ ਹਾਂ। ਸੱਜਣੋਂ! ਮੇਰੇ ਤੇ ਤਰਸ ਕਰੋ ਤੇ ਮੈਨੂੰ ਖੁਸ਼ੀਆਂ ਨਾਲ ਸਾਹੁਰੇ ਟੋਰੋ! ਮੈਂ ਆਪਣੇ ਪੀਆ ਪਰਮੇਸ਼ਰ ਦੇ 'ਸਰੂਪ ਦੇਸ਼' ਨੂੰ ਚਲੀ ਹਾਂ। ਮਰਦਾ ਕੌਣ ਹੈ? ਸਾਹੁਰੇ ਚੱਲੀ ਨੂੰ ਦਾਜ ਦੌਣ ਦੇਕੇ ਟੋਰੋ! ਕਰੋ ਨਾ ਮੇਰੇ ਲਈ ਅਰਦਾਸਾ।

'ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।।'

(ਗਉ: ਦੀਪਕੀ: ਮ:੧)

ਇਸ ਵੇਲੇ ਸਭ ਨੇ ਇਕ ਭੋਗ ਜਪੁ ਸਾਹਿਬ ਦਾ ਪਾਇਆ। ਫੇਰ ਅਰਦਾਸ ਕੀਤੀ। ਮਾਈ ਦੀ ਲਿਵ ਲੱਗੀ, ਅੰਦਰਲੀ ਜੋਤ ਜੋਤੀ ਸਰੂਪ ਦੇ ਰੰਗ ਵਿਚ ਖੀਵੀ ਹੋ ਰਹੀ ਹੈ। ਮਿਲਾਪ ਦੀ ਅਸਲੀ ਮਸਤ ਅਲਮਸਤੀ ਦੇ ਨਾਲ ਨੈਣ ਭਰੇ ਹੋਏ ਖੁੱਲ੍ਹਦੇ ਤੇ ਮਿਟਦੇ ਹਨ ਤੇ ਅੰਮ੍ਰਿਤ ਬਰਖਾ ਕਰਦੇ ਹਨ। ਅੱਖਾਂ ਮੀਟਦੀ ਹੈ ਤਾਂ ਵਾਹਿਗੁਰੂ ਵਿਚ ਲੀਨ ਹੁੰਦੀ ਹੈ, ਖੋਲ੍ਹਦੀ ਹੈ ਤਾਂ ਮਾਤਲੋਕ ਦਾ ਸਤਿਸੰਗ ਤੱਕਦੀ ਹੈ :-

"ਕਬਹੂ ਸਾਧਸੰਗਤਿ ਇਹੁ ਪਾਵੈ।।
ਉਸ ਅਸਥਾਨ ਤੇ ਬਹੁਰਿ ਨ ਆਵੈ।।
ਅੰਤਰਿ ਹੋਇ ਗਿਆਨ ਪਰਗਾਸੁ।।
ਉਸੁ ਅਸਥਾਨ ਕਾ ਨਹੀ ਬਿਨਾਸੁ।।
ਮਨ ਤਨ ਨਾਮਿ ਰਤੇ ਇਕ ਰੰਗਿ।।
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ।।
ਜਿਉ ਜਲ ਮਹਿ ਜਲੁ ਆਇ ਖਟਾਨਾ।।
ਤਿਉ ਜੋਤੀ ਸੰਗਿ ਜੋਤਿ ਸਮਾਨਾ।।
ਮਿਟਿ ਗਏ ਗਵਨ ਪਾਏ ਬਿਸ੍ਰਾਮ।।

ਨਾਨਕ ਪ੍ਰਭ ਕੈ ਸਦ ਕੁਰਬਾਨ।।੮।।੧੧।।

(ਸੁਖਮਨੀ)

ਆਹਾ! ਅਜ ਉਹ ਰਾਤ ਹੈ ਜੋ ਅਕਸਰ ਹਾਇ ਹਾਇ ਵਿਚ ਬੀਤਦੀ ਹੈ, ਉਹ ਰਾਤ ਹੈ ਜੋ ਅਤਿ ਕਸ਼ਟ ਦੇਂਦੀ ਹੈ, ਉਹ ਰਾਤ ਹੈ, ਜੋ ਡੰਗ ਮਾਰਦੀ ਹੈ, ਹਨੇਰੇ ਤੇ ਨਿਰਾਸਤਾ ਵਿਚ ਗਰਕ ਕਰਦੀ ਹੈ, ਪਰ ਸਤਿਸੰਗ ਦਾ ਪ੍ਰਤਾਪ, ਕਲਗੀਆਂ ਵਾਲੇ ਦੀ ਜੀਵਨ ਕਣੀ ਦੀ ਦਾਤ, ਸਾਹਿਬ ਰਾਮ ਕੌਰ ਦੇ ਰੱਬੀ ਪਿਆਰ ਤੇ ਗਿਆਨ ਦੇ ਵਰੋਸਾਉ, ਮਾਈ ਦੇਖੋ ਅਜ ਕਿੰਨ੍ਹਾ ਸੁਹਣੇ ਰੰਗਾਂ ਵਿਚ ਪਈ ਹੈ। ਸੁਖ ਹੀ ਸੁਖ ਭਾਸ ਰਿਹਾ ਹੈ ਤੇ ਐਉਂ ਹੋ ਰਿਹਾ ਹੈ, ਜਿੱਕੂੰ ਕੋਈ ਨਦੀ ਹਜ਼ਾਰਾਂ ਹਜ਼ਾਰ ਮੀਲ ਪੈਂਡਾ ਕਰਕੇ ਸਮੁੰਦ ਸ਼ਾਹ ਸੁਲਤਾਨ ਵਿਚ ਆਕੇ ਡਿਗ ਰਹੀ ਹੈ, ਸੰਗਮ-ਸੁਖ ਦੇ ਅਹਿਲਾਦ ਵਿਚ ਨਿਮਗਨ ਹੋ ਰਹੀ ਹੈ।

**"ਕਬੀਰ ਜਿਸੁ ਮਰਨੈ ਤੇ ਜਗੁ ਡਰੈ ਮੇਰੇ ਮਨ ਆਨੰਦੁ।।**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।।੨੨।।**

(ਸ: ਕਬੀਰ)

ਦਾ ਨਕਸ਼ਾ ਬੱਝ ਰਿਹਾ ਹੈ।

ਅੰਮ੍ਰਿਤ ਵੇਲਾ ਹੋ ਗਿਆ, ਸੁਖਮਨੀ ਸਾਹਿਬ ਦਾ ਪਾਠ ਬੜੀ ਮਧੁਰ ਧੁਨਿ ਵਿਚ ਆਰੰਭ ਹੋ ਗਿਆ। ਜਿਸ ਵੇਲੇ ੨੧ਵੀਂ ਅਸਟਪਦੀ ਆਈ-

**"ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ।।**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ।।"**

ਤਦ ਮਾਈ ਦਾ ਰੰਗ ਬਦਲ ਗਿਆ। ਅੱਖਾਂ ਐਉਂ ਖੁੱਲ੍ਹੀਆਂ ਕਿ ਕੋਈ ਨੂਰ ਦਾ ਬੁੱਕਾ ਛੁਟਦਾ ਹੈ, ਚਾਰ ਚੁਫੇਰੇ ਫਿਰੀਆਂ ਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦਾ ਅਵਾਜ਼ਾ ਆਇਆ। ਫੇਰ ਨੈਣ ਬੰਦ ਹੋ ਗਏ, ਲਾਲੀ ਚਿਹਰੇ ਦੀ ਭਖਦੀ ਗਈ ਤੇ ਵਧਦੀ ਗਈ। ਜਦ **"ਨਾਨਕ ਇਹ ਗੁਣ ਨਾਮੁ ਸੁਖਮਨੀ"** ਕਹਿਕੇ ਪਾਠੀ ਸਿੰਘ ਨੇ ਸੀਸ ਨਿਵਾਇਆ, ਉਸ ਵੇਲੇ ਮਾਈ ਦੇ ਸੁਆਸ ਸਮਾਪਤ ਹੋ ਗਏ। ਚਿਹਰਾ ਗੂਹੜੇ ਕੇਸਰ ਦੀ ਭਿੰਨੀ ਖੁਸ਼ਬੂ ਤੇ ਰੰਗ ਦਾ ਹੋ ਗਿਆ। ਉਧਰ ਪਹੁ ਫੁੱਟੀ ਇਧਰ

ਬੀਤ ਗਈ ਮਾਤਾ, ਅੰਤਰ-ਸੁਖ-ਪ੍ਰਾਪਤ ਮਾਤਾ ਦੀ ਸੱਤਵੀਂ ਰਾਤ, ਹਾਂ, ਉਹ ਰਾਤ ਜੋ ਨਾਮ ਰਸੀਆਂ ਲਈ ਭਾਗਭਰੀ ਰਾਤ ਤੇ ਜਗਤ ਵਿਚ ਪ੍ਰਾਣੀ ਲਈ ਸਭ ਤੋਂ ਔਖੀ ਰਾਤ।

"ਭਉਜਲੁ ਬਿਖਮੁ ਅਸਗਾਹੁ ਗੁਰਸਬਦੀ ਪਾਰ ਪਾਹਿ"

(ਰਾਮ:ਵਾਰ-੯)

[ਨੋਟ- ਜਗਤ ਵਿਚ ਮੌਤ ਨੇ ਤਾਂ ਮਗਰੋਂ ਲਹਿਣਾ ਹੀ ਨਹੀਂ ਤੇ ਪਿਆਰਿਆਂ ਦੇ ਵਿਛੋੜੇ ਸਦਾ ਤਾਜ਼ੇ ਹਨ।

ਸੋ ਇਹਨਾਂ ਰਾਤਾਂ ਵਿਚਲੇ ਉਪਦੇਸ਼ ਤੇ ਦਾਰੂ ਸਦੀਵ ਵਿਛੋੜੇ ਕੁੱਠਿਆਂ ਦੇ ਕਮ ਆਵਣ ਵਾਲੇ ਹਨ।] *(ਬਾਬਾ ਨੋਧ ਸਿੰਘ ਵਿਚੋਂ, ਪੰਨਾ-੧੫੪)*

*- ਇਤਿ -*